ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 19*Issue 227 Tuesday, November 24, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਓ ਐਸ ਜੀ ਸੀ ਨੇ ਸਮੁੱਚੀ ਸੰਗਤ ਨੂੰ ਲਾਕਡਾਊਨ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਕੀਤੀ ਅਪੀਲ

ਓਨਟਾਰੀਓ, 23 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਸਿੱਖਜ਼ ਐਂਡ ਗੁਰਦੁਆਰਾ ਕਾਊਂਸਲ (ਓ ਐਸ ਜੀ ਸੀ) ਵੱਲੋਂ ਜਾਰੀ ਕੀਤੀ ਗਈ ਰਲੀਜ਼ ਵਿਚ ਆਖਿਆ ਗਿਆ ਹੈ ਕਿ ਟੋਰਾਂਟੋ ਤੇ ਪੀਲ ਰੀਜਨ ਵਿਚ ਨਵੇਂ ਸਿਰੇ ਤੋਂ ਲਾਏ ਗਏ ਲਾਕਡਾਊਨ ਕਾਰਨ ਸਾਰੀਆਂ ਧਾਰਮਿਕ ਥਾਂਵਾਂ, ਖਾਸਤੌਰ ਉੱਤੇ ਸਾਡੇ ਗੁਰਦੁਆਰਿਆਂ ਉੱਤੇ ਕਾਫੀ ਅਸਰ ਪਵੇਗਾ।

ਇਸ ਲਾਕਡਾਊਨ ਤਹਿਤ ਗੁਰਦੁਆਰਿਆਂ ਦੇ ਅੰਦਰ ਤੇ ਬਾਹਰ ਵੀ ਇੱਕਠ ਘਟਾ ਕੇ ਸਿਰਫ 10 ਵਿਅਕਤੀ ਕਰ ਦਿੱਤਾ ਗਿਆ ਹੈ। ਇਸ ਨਾਲ 30 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੇ ਜਸ਼ਨਾਂ ਉੱਤੇ ਵੀ ਅਸਰ ਪਵੇਗਾ। ਇਸ ਸਾਲ ਇਹ ਜਸ਼ਨ ਪੂਰੀ ਤਰ੍ਹਾਂ ਵਰਚੂਅਲ ਰੱਖੇ ਜਾਣਗੇ। ਜੋ ਦੀਵਾਲੀ ਦੇ ਜਸ਼ਨਾਂ ਮੌਕੇ ਲੋਕਾਂ ਦੀ ਭੀੜ ਜੁਟੀ ਉਸ ਨੂੰ ਵੇਖਦਿਆਂ ਹੋਇਆਂ ਇਸ ਗੱਲ ਉੱਤੇ ਜ਼ੋਰ ਦੇਣ ਦੀ ਲੋੜ ਲੱਗਦੀ ਹੈ ਕਿ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਗੁਰਦੁਆਰਿਆਂ ਵਿੱਚ ਭੀੜ ਨਾ ਕੀਤੀ ਜਾਵੇ।

ਅੱਜ ਤੋਂ ਲਾਕਡਾਊਨ ਮੁੜ ਸ਼ੁਰੂ ਹੋ ਗਿਆ ਹੈ ਤੇ ਇਹ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਇਸ ਸਬੰਧੀ




ਸਾਰੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰੀਏ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਮੁੜ ਇਨ੍ਹਾਂ ਨਿਯਮਾਂ ਦੀ ਉਲੰਘਣਾ ਨਾ ਹੋਵੇ। ਹਾਲਾਂਕਿ ਗੁਰਦੁਆਰੇ ਨਤਮਸਤਕ ਹੋਣ ਜਾਣਾ ਸਿੱਖ ਧਰਮ ਨੂੰ ਮੰਨਣ ਵਾਲਿਆਂ ਲਈ ਕਾਫੀ ਅਹਿਮ ਹੈ ਪਰ ਔਖੀ ਘੜੀ ਸਾਨੂੰ ਇਹ ਸਿਖਾ ਰਹੀ ਹੈ ਕਿ ਅਸੀਂ ਆਪਣੇ ਧਰਮ ਦੀ ਪਾਲਣਾ ਨਵੇਂ ਢੰਗ ਨਾਲ ਕਰੀਏ। ਅਸੀਂ ਸਾਰੇ ਇਹ ਯਕੀਨੀ ਬਣਾਉਣ ਵਿੱਚ ਆਪਣੀ ਪੂਰੀ ਵਾਹ ਲਾ ਰਹੇ ਹਾਂ ਕਿ ਸੱਭਨਾਂ ਦੀ ਸਿਹਤ ਤੇ ਸੇਫਟੀ ਬਣੀ ਰਹੇ, ਇਸ ਲਈ ਇਹ ਸੱਭ ਸਾਡੀ ਕਰਨੀ ਤੋਂ ਵੀ ਝਲਕਣਾ ਚਾਹੀਦਾ ਹੈ।

ਇਸ ਲਈ ਸਾਨੂੰ ਆਪਣੇ ਘਰਾਂ ਵਿੱਚ ਰਹਿ ਕੇ ਇਹ ਅਰਦਾਸ ਕਰਨੀ ਚਾਹੀਦੀ ਹੈ ਕਿ ਸਾਰੇ ਆਪਣੇ ਪਰਿਵਾਰਾਂ ਨਾਲ ਸੇਫ ਰਹਿਣ ਤੇ ਇਹ ਔਖੀ ਘੜੀ ਜਲਦ ਤੋਂ ਜਲਦ ਖਤਮ ਹੋ ਜਾਵੇ। ਸਾਨੂੰ ਸੋਸ਼ਲ ਮੀਡੀਆ, ਟੀਵੀ ਚੈਨਲਾਂ , ਆਈ ਪੀ ਟੀ ਵੀ ਚੈਨਲਾਂ ਉੱਤੇ ਸੁਣਾਏ ਤੇ ਵਿਖਾਏ ਜਾ ਰਹੇ ਪਾਠ ਤੇ ਕੀਰਤਨ ਦਾ ਆਨੰਦ ਆਪਣੇ ਘਰਾਂ ਵਿੱਚ ਰਹਿ ਕੇ ਹੀ ਮਾਨਣਾ ਚਾਹੀਦਾ ਹੈ। ਮਹਾਂਮਾਰੀ ਕਾਰਨ ਸਾਡੇ ਸਾਰਿਆਂ ਦੀਆਂ ਜ਼ਿੰਦਗੀਆਂ ਉੱਤੇ ਅਸਰ ਪੈ ਰਿਹਾ ਹੈ ਤੇ ਇਹ ਸਾਡੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਅਸੀਂ ਸਮੱਸਿਆ ਦਾ ਹਿੱਸਾ ਬਣਨ ਦੀ ਥਾਂ ਹੱਲ ਦਾ ਹਿੱਸਾ ਬਣੀਏ।

ਇਸ ਲਈ ਸਾਰਿਆਂ ਨੂੰ ਬੇਨਤੀ ਹੈ ਕਿ ਫੇਸ ਮਾਸਕਸ, ਫੇਸ ਕਵਰਿੰਗਜ਼ ਦੀ ਵਰਤੋਂ ਕੀਤੀ ਜਾਵੇ, ਹਰ ਸਮੇਂ ਲੋੜੀਂਦੀ ਦੂਰੀ ਬਣਾ ਕੇ ਰੱਖੀ ਜਾਵੇ ਤੇ ਸਿਹਤ ਅਧਿਕਾਰੀਆਂ ਵੱਲੋਂ ਦਿੱਤੀਆਂ ਹਦਾਇਤਾਂ ਦਾ ਪਾਲਣ ਕੀਤਾ ਜਾਵੇ।

# 30 ਨਵੰਬਰ ਨੂੰ ਆਰਥਿਕ ਤੇ ਵਿੱਤੀ ਅਪਡੇਟ ਮੁਹੱਈਆ ਕਰਾਵੇਗੀ ਫੈਡਰਲ ਸਰਕਾਰ



ਓਟਵਾ, 23 ਨਵੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ 30 ਨਵੰਬਰ ਨੂੰ ਅਰਥਚਾਰੇ ਦੀ ਸਥਿਤੀ ਨਾਲ ਸਬੰਧਤ ਬਿਆਨ ਜਾਰੀ ਕੀਤਾ ਜਾਵੇਗਾ। ਕੋਵਿਡ-19 ਮਹਾਂਮਾਰੀ ਦੌਰਾਨ ਫੈਡਰਲ ਸਰਕਾਰ ਦੀ ਕੀ ਸਥਿਤੀ ਹੈ ਇਸ ਦੀ ਸੋਧੀ ਹੋਈ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।

ਸੋਮਵਾਰ ਨੂੰ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਐਲਾਨ ਕੀਤਾ ਕਿ ਅਗਲੇ ਸੋਮਵਾਰ ਪਾਰਲੀਆਮੈਂਟੇਰੀਅਨਜ਼ ਤੇ ਕੈਨੇਡੀਅਨਾਂ ਨੂੰ ਕੈਨੇਡਾ ਦੇ ਖਰਚਿਆਂ ਤੇ ਘਾਟੇ ਬਾਰੇ ਸਾਰੀ ਤਸਵੀਰ ਤੋਂ ਜਾਣੂ ਕਰਵਾਇਆ ਜਾਵੇਗਾ। ਹਾਊਸ ਆਫ ਕਾਮਨਜ਼ ਵਿੱਚ ਗੱਲ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਅਸੀਂ ਇਸ ਮਹਾਂਮਾਰੀ ਵਿੱਚ ਮਜ਼ਬੂਤ ਵਿੱਤੀ ਸਥਿਤੀ ਨਾਲ ਦਾਖਲ ਹੋਏ ਸਾਂ ਤੇ ਇਸੇ ਕਾਰਨ ਹੀ ਮਹਾਂਮਾਰੀ ਦੌਰਾਨ ਅਸੀਂ ਕੈਨੇਡੀਅਨਾਂ ਨੂੰ ਵਿੱਤੋਂ ਬਾਹਰ ਹੋ ਕੇ ਮਦਦ ਕਰਨ ਵਿੱਚ ਸਮਰੱਥ ਹੋ ਸਕੇ। ਉਨ੍ਹਾਂ ਆਖਿਆ ਕਿ ਸਾਡੀ ਯੋਜਨਾ ਇਸ ਮਹਾਂਮਾਰੀ ਵਿੱਚ ਅਜੇ ਕੈਨੇਡੀਅਨਾਂ ਦੀ ਹੋਰ ਮਦਦ ਕਰਨ ਦੀ ਹੈ ਤੇ ਅਸੀਂ ਇਹ ਵੀ ਯਕੀਨੀ ਬਣਾਵਾਂਗੇ ਕਿ ਕੋਵਿਡ-19 ਤੋਂ ਬਾਅਦ ਅਰਥਚਾਰਾ ਤੇਜ਼ੀ ਨਾਲ ਵਧੇ ਫੁੱਲੇ ਤੇ ਪੱਕੇ ਪੈਰੀਂ ਅੱਗੇ ਵਧੇ।

ਸਰਕਾਰ ਵੱਲੋਂ ਪਹਿਲਾਂ ਇਹ ਬਿਆਨ ਸਤੰਬਰ ਵਿੱਚ ਰਾਜ ਭਾਸ਼ਣ ਦੇ ਨਾਲ ਦੇਣ ਦਾ ਵਾਅਦਾ ਕੀਤਾ ਗਿਆ ਸੀ। ਇਸ ਬਿਆਨ ਵਿੱਚ ਕੋਵਿਡ-19 ਦੌਰਾਨ ਕੈਨੇਡੀਅਨਾਂ ਦੀ ਕੀਤੀ ਗਈ ਮਦਦ ਦਾ ਲੇਖਾ ਜੋਖਾ ਹੋਵੇਗਾ। ਇਸ ਖਰਚੇ ਨੂੰ ਜੰਗ ਦੌਰਾਨ ਹੋਣ ਵਾਲੇ ਖਰਚੇ ਦੇ ਬਰਾਬਰ ਦੱਸਿਆ ਜਾ ਰਿਹਾ ਹੈ। ਦੇਸ਼ ਵਿੱਚ ਸੈਕਿੰਡ ਵੇਵ ਆ ਜਾਣ ਤੇ ਦੁਬਾਰਾ ਤੋਂ ਲੱਗ ਰਹੇ ਲਾਕਡਾਊਨ ਕਾਰਨ ਇਸ ਖਰਚੇ ਵਿੱਚ ਵਾਧਾ ਹੋਣ ਦੀ ਸੰਭਾਵਨਾ ਵੀ ਪ੍ਰਗਟਾਈ ਗਈ ਹੈ। ਇਹ ਵੇਖਣ ਵਾਲੀ ਗੱਲ ਹੋਵੇਗੀ ਕਿ ਇਸ ਬਿਆਨ ਨੂੰ ਕਿੰਨੀ ਤਫਸੀਲ ਨਾਲ ਤਿਆਰ ਕੀਤਾ ਗਿਆ ਹੈ ਪਰ ਇਹ ਪੂਰਾ ਬਜਟ ਨਹੀਂ ਹੋਵੇਗਾ।

# ਬਲਿੰਕਨ ਹੋ ਸਕਦੇ ਹਨ ਅਮਰੀਕਾ ਦੇ ਅਗਲੇ ਵਿਦੇਸ਼ ਮੰਤਰੀ !

ਵਾਸ਼ਿੰਗਟਨ, 23 ਨਵੰਬਰ (ਪੋਸਟ ਬਿਊਰੋ) : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਵਿਦੇਸ਼ ਮੰਤਰੀ ਵਜੋਂ ਐਂਟਨੀ ਬਲਿੰਕਨ ਨੂੰ ਚੁਣੇ ਜਾਣ ਦੀ ਸੰਭਾਵਨਾ ਹੈ। ਇਹ ਖੁਲਾਸਾ ਬਾਇਡਨ ਦੀ ਟੀਮ ਸਬੰਧੀ ਯੋਜਨਾ ਬਾਰੇ ਸਮਝ ਰੱਖਣ ਵਾਲੇ ਕਈ ਲੋਕਾਂ ਨੇ ਕੀਤਾ।



58 ਸਾਲਾ ਬਲਿੰਕਨ ਓਬਾਮਾ ਪ੍ਰਸਾਸਨ ਦੌਰਾਨ ਡਿਪਟੀ ਵਿਦੇਸ਼ ਮੰਤਰੀ ਤੇ ਡਿਪਟੀ ਨੈਸ਼ਨਲ ਸਕਿਊਰਿਟੀ ਐਡਵਾਈਜ਼ਰ ਦੀ ਭੂਮਿਕਾ ਨਿਭਾਅ ਚੁੱਕੇ ਹਨ ਤੇ ਉਨ੍ਹਾਂ ਦੇ ਬਾਇਡਨ ਨਾਲ ਵੀ ਨੇੜਲੇ ਸਬੰਧ ਹਨ। ਜੇ ਉਨ੍ਹਾਂ ਨੂੰ ਨਾਮਜਦ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਦੇ ਨਾਂ ਦੀ ਪੁਸ਼ਟੀ ਵੀ ਹੋ ਜਾਂਦੀ ਹੈ ਤਾਂ ਅਮਰੀਕਾ ਦੇ ਪੂਰੀ ਦੁਨੀਆਂ ਨਾਲ ਸਬੰਧਾਂ ਦੀ ਦਿਸ਼ਾ ਤੈਅ ਕਰਨ ਵਿੱਚ ਉਹ ਕਾਫੀ ਅਹਿਮ ਭੂਮਿਕਾ ਨਿਭਾਅ ਸਕਦੇ ਹਨ।

ਬਲਿੰਕਨ ਨੂੰ ਨਾਮਜਦ ਕਰਨ ਨਾਲ ਬਾਇਡਨ ਦੋ ਹੋਰਨਾਂ ਉਮੀਦਵਾਰਾਂ ਸੂਜ਼ਨ ਰਾਈਸ ਤੇ ਸੈਨੇਟਰ ਕ੍ਰਿਸ ਕੂਨਜ਼ ਨੂੰ ਆਪਣਾ ਪੱਲਾ ਫੜਾਉਂਦੇ ਨਜ਼ਰ ਨਹੀਂ ਆ ਰਹੇ। ਬਾਇਡਨ ਵੱਲੋਂ ਆਪਣੇ ਮੰਤਰੀ ਮੰਡਲ ਦੇ ਨਾਂਵਾਂ ਦਾ ਖੁਲਾਸਾ ਹੌਲੀ ਹੌਲੀ ਕਿਸ਼ਤਾਂ ਵਿੱਚ ਕੀਤੇ ਜਾਣ ਦੀ ਸੰਭਾਵਨਾ ਹੈ। ਪਰ ਅਰਥਚਾਰੇ, ਨੈਸ਼ਨਲ ਸਕਿਊਰਿਟੀ ਤੇ ਪਬਲਿਕ ਹੈਲਥ ਲਈ ਨਾਂਵਾਂ ਦਾ ਖੁਲਾਸਾ ਇੱਕੋ ਵਾਰੀ ਕੀਤਾ ਜਾ ਸਕਦਾ ਹੈ। ...ਬਾਕੀ ਪੰਨਾ 3 'ਤੇ

# ਓਨਟਾਰੀਓ ਵਿੱਚ ਐਨਡੀਪੀ ਵੀਕੈਂਡ ਤੋਂ ਸ਼ੁਰੂ ਕਰੇਗੀ ਨਾਮਜ਼ਦਗੀਆਂ

ਟੋਰਾਂਟੋ, 23 ਨਵੰਬਰ (ਪੋਸਟ ਬਿਊਰੋ) :ਇਸ ਵੀਕੈਂਡ ਓਨਟਾਰੀਓ ਦੀ ਐਨਡੀਪੀ ਵੱਲੋਂ 2022 ਵਿੱਚ ਹੋਣ ਵਾਲੀਆਂ ਚੋਣਾਂ ਵਾਸਤੇ ਉਮੀਦਵਾਰਾਂ ਨੂੰ ਨਾਮਜ਼ਦ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇਗਾ। ਇਸ ਦੌਰਾਨ ਪ੍ਰੋਵਿੰਸ਼ੀਅਲ ਡਾਇਰੈਕਟਰ ਲੂਸੀ ਵਾਟਸਨ ਨੇ ਆਖਿਆ ਕਿ ਹੁਣ ਪਾਰਟੀ ਓਨਟਾਰੀਓ ਵਿੱਚ ਆਪਣੀ ਸੱਭ ਤੋਂ ਵੱਡੀ ਕੈਂਪੇਨ ਚਲਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਵਾਟਸਨ ਨੇ ਅੱਗੇ ਆਖਿਆ ਕਿ ਇਹ ਸਪਸ਼ਟ ਹੋ ਚੁੱਕਿਆ ਹੈ ਕਿ 2022 ਵਿੱਚ ਨਾ ਸਿਰਫ ਸਾਡੇ ਕੋਲ ਓਨਟਾਰੀਓ ਵਿੱਚ ਪ੍ਰੋਗਰੈਸਿਵ ਨਿਊ ਡੈਮੋਕ੍ਰੈਟਿਕ ਸਰਕਾਰ ਤਿਆਰ ਕਰਨ ਦਾ ਦਮਦਾਰ ਮੌਕਾ ਹੈ ਸਗੋਂ ਅਜਿਹਾ ਕਰਨ ਲਈ ਕਈ ਮਿਲੀਅਨ ਓਨਟਾਰੀਓ ਵਾਸੀ ਸਾਡੇ ਉੱਤੇ ਟੇਕ ਲਾਈ ਬੈਠੇ ਹਨ। ਉਨ੍ਹਾਂ ਆਖਿਆ ਕਿ ਲਾਂਗ ਟਰਮ ਕੇਅਰ ਵਿੱਚ ਰਹਿ ਰਹੇ ਸਾਡੇ ਪੇਰੈਂਟਸ ਤੇ ਗ੍ਰੈਂਡਪੇਰੈਂਟਸ, ਸਾਡੇ ਬੱਚਿਆਂ ਦੇ ਸਕੂਲਾਂ ਲਈ, ਪਬਲਿਕ ਹੈਲਥ ਕੇਅਰ ਸਿਸਟਮ ਦੇ ਪਸਾਰ ਲਈ, ਕਟੌਤੀਆਂ ਤੋਂ ਨਿਜਾਤ ਪਾਉਣ ਅਤੇ ਭਵਿੱਖ ਲਈ ਆਸ ਬਝਾਉਣ ਲਈ ਓਨਟਾਰੀਓ ਵਾਸੀ ਐਂਡਰੀਆ ਹੌਰਵਥ ਦਾ ਮੂੰਹ ਵੇਖ ਰਹੇ ਹਨ। ਵਾਟਸਨ ਨੇ ਆਖਿਆ ਕਿ ਐਨਡੀਪੀ ਹੀ ਓਨਟਾਰੀਓ ਦੀ ਇੱਕਮਾਤਰ ਅਜਿਹੀ ਸਿਆਸੀ ਪਾਰਟੀ ਹੈ ਜਿਸ ਨੇ ਬਿਨਾ ਕਰਜ਼ੇ ਦੇ 2020 ਦੀ ਸ਼ੁਰੂਆਤ ਕੀਤੀ ਸੀ।

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

ALL KINDS OF IMMIGRATION SERVICES
iccrc crcic
416-278-4449
World Gateway Immigration Company since 2010
Get PR, if you are on
- Work permit(LMIA based)
- Open work permit
- Religious work permit
- Visitor in Canada
ZORA KAINTH Director
Toronto: 169-2960 Drew Road, Mississauga Winnipeg: 678 McphillipsStreet, Winnipeg

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Toll Free: 1833 823 5439 647 783 0049

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648

Canada Consumer Credit Assistance
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪ੍ਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


BLACK FRIDAY
SALE ON NOW!
GET 50% OFF LG K20
*WHEN YOU ACTIVATE A $40/MO
DATA, TALK, & TEXT PLAN OR HIGHER
12:30
20-09-2019
chatr™
AUTHORIZED DEALER
379 Main St. North | Brampton ON
2456 Lake shore Blvd W. | Toronto ON
905-451-0379
*Offer available from November 27th - November 30th, 2020 and redeemable only at the above participating location(s) and subject to change without notice. Only applicable to new activations on a $40/mo or higher Data, Talk & Text plan or higher. Taxes are extra and while quantities last.™ Trademarks used under license © 2020

# ਐਸਟਰਾਜ਼ੈਨੇਕਾ ਨੇ ਕੋਵਿਡ-19 ਸਬੰਧੀ ਵੈਕਸੀਨ ਤਿਆਰ ਕਰਨ ਵਿੱਚ 90 ਫੀ ਸਦੀ ਸਫਲਤਾ ਹਾਸਲ ਕਰਨ ਦਾ ਕੀਤਾ ਦਾਅਵਾ

ਲੰਡਨ, 23 ਨਵੰਬਰ (ਪੋਸਟ ਬਿਊਰੋ) : ਐਸਟਰਾਜ਼ੈਨੇਕਾ ਨੇ ਅੱਜ ਦਾਅਵਾ ਕੀਤਾ ਕਿ ਉਨ੍ਹਾਂ ਵੱਲੋਂ ਤਿਆਰ ਕਰੋਨਾਵਾਇਰਸ ਵੈਕਸੀਨ ਦੇ ਆਖਰੀ ਟ੍ਰਾਇਲ ਵਿੱਚ ਉਨ੍ਹਾਂ ਨੂੰ 90 ਫੀ ਸਦੀ ਸਫਲਤਾ ਹਾਸਲ ਹੋਈ ਹੈ। ਇਸ ਨਾਲ ਪਬਲਿਕ ਹੈਲਥ ਅਧਿਕਾਰੀਆਂ ਨੂੰ ਇਹ ਆਸ ਬੱਝੀ ਹੈ ਕਿ ਉਨ੍ਹਾਂ ਦੀ ਪਹੁੰਚ ਜਲਦ ਹੀ ਵੈਕਸੀਨ ਤੱਕ ਹੋ ਜਾਵੇਗੀ। ਇੱਥੇ ਹੀ ਬੱਸ ਨਹੀਂ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਵੈਕਸੀਨ ਸਸਤੀ ਤੇ ਹੋਰਨਾਂ ਕੰਪਨੀਆਂ ਦੇ ਮੁਕਾਬਲੇ ਵੰਡਣੀ ਵੀ ਸੌਖੀ ਹੋਵੇਗੀ। ਇਹ ਨਤੀਜੇ ਯੂਕੇ ਤੇ ਬ੍ਰਾਜ਼ੀਲ ਵਿੱਚ ਕੀਤੇ ਗਏ ਟ੍ਰਾਇਲਜ਼ ਦੇ ਅੰਤਰਿਮ ਵਿਸ਼ਲੇਸ਼ਣ ਉੱਤੇ ਅਧਾਰਤ ਹਨ। ਇਹ ਵੈਕਸੀਨ ਆਕਸਫੋਰਡ ਯੂਨੀਵਰਸਿਟੀ




ਵੱਲੋਂ ਤਿਆਰ ਕੀਤੀ ਗਈ ਸੀ ਤੇ ਇਸ ਦਾ ਉਤਪਾਦਨ ਐਸਟਰਾਜ਼ੈਨੇਕਾ ਵੱਲੋਂ ਕੀਤਾ ਗਿਆ। ਜਿਨ੍ਹਾਂ ਵਿਅਕਤੀਆਂ ਨੂੰ ਇਹ ਦਵਾਈ ਦਿੱਤੀ ਗਈ ਉਨ੍ਹਾਂ ਨੂੰ ਨਾ ਤਾਂ ਹਸਪਤਾਲ ਦਾਖਲ ਕਰਵਾਉਣ ਦੀ ਲੋੜ ਪਈ ਤੇ ਨਾ ਹੀ ਕੋਵਿਡ-19 ਦੇ ਗੰਭੀਰ ਲੱਛਣ ਹੀ ਉਨ੍ਹਾਂ ਵਿੱਚ ਪਾਏ ਗਏ।

ਐਸਟਰਾਜ਼ੈਨੇਕਾ ਅਜਿਹੀ ਤੀਜੀ ਵੱਡੀ ਡਰੱਗ ਕੰਪਨੀ ਹੈ ਜਿਸ ਨੇ ਕੋਵਿਡ-19 ਦੀ ਸਮਰੱਥ ਦਵਾਈ ਤਿਆਰ ਕਰਨ ਦਾ ਦਾਅਵਾ ਕੀਤਾ ਹੈ। ਪੂਰੀ ਦੁਨੀਆ ਦੀਆਂ ਨਜ਼ਰਾਂ ਅਜਿਹੀ ਵੈਕਸੀਨ ਉੱਤੇ ਲੱਗੀਆਂ ਹੋਈਆਂ ਹਨ ਜਿਹੜੀ ਇਸ ਮਹਾਂਮਾਰੀ ਨੂੰ ਖਤਮ ਕਰਨ ਦੇ ਯੋਗ ਹੋਵੇ। ਜ਼ਿਕਰਯੋਗ ਹੈ ਕਿ ਇਸ ਮਹਾਂਮਾਰੀ ਕਾਰਨ ਦੁਨੀਆਂ ਭਰ ਦਾ ਅਰਥਚਾਰਾ ਡਗਮਗਾ ਗਿਆ ਹੈ ਤੇ 1.4 ਮਿਲੀਅਨ ਲੋਕਾਂ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਹੈ। ਪਿਛਲੇ ਹਫਤੇ ਫਾਈਜ਼ਰ ਤੇ ਮੌਡਰਨਾ ਨੇ ਵੀ ਆਪੋ ਆਪਣੀਆਂ ਵੈਕਸੀਨ ਨੂੰ 95 ਫੀ ਸਦੀ ਅਸਰਦਾਰ ਦੱਸਿਆ ਸੀ।

ਇਨ੍ਹਾਂ ਦੋਵਾਂ ਕੰਪਨੀਆਂ ਦੇ ਮੁਕਾਬਲੇ ਐਸਟਰਾਜ਼ੈਨੇਕਾ ਵੱਲੋਂ ਤਿਆਰ ਵੈਕਸੀਨ ਨੂੰ ਬਹੁਤੇ ਠੰਢੇ ਤਾਪਮਾਨ ਵਿੱਚ ਵੀ ਰੱਖਣ ਦੀ ਲੋੜ ਨਹੀਂ ਹੈ, ਜਿਸ ਨਾਲ ਇਸ ਦੀ ਵੰਡ ਕਰਨਾ ਸੌਖਾ ਹੋਵੇਗਾ ਖਾਸਤੌਰ ਉੱਤੇ ਵਿਕਾਸਸ਼ੀਲ ਮੁਲਕਾਂ ਵਿੱਚ ਇਸ ਨੂੰ ਵੰਡਣਾ ਸੌਖਾ ਰਹੇਗਾ।

# ਪਰਮਾਨੈਂਟ ਡੇਅਲਾਈਟ ਟਾਈਮ ਰੱਖਣ ਦੇ ਫੈਸਲੇ ਵੱਲ ਇੱਕ ਕਦਮ ਹੋਰ ਵਧਿਆ ਓਨਟਾਰੀਓ

ਓਨਟਾਰੀਓ, 23 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਪਰਮਾਨੈਂਟ ਡੇਅਲਾਈਟ ਟਾਈਮ ਰੱਖਣ ਦੇ ਫੈਸਲੇ ਤੋਂ ਇੱਕ ਕਦਮ ਦੀ ਦੂਰੀ ਉੱਤੇ ਹੈ। ਇਸ ਫੈਸਲੇ ਨਾਲ ਓਨਟਾਰੀਓ ਵਿੱਚ ਸਾਰਾ ਸਾਲ ਲੰਮੇਂ ਦਿਨ ਹੋਇਆ ਕਰਨਗੇ।



ਸੂਤਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਾਲ ਵਿੱਚ ਦੋ ਵਾਰੀ ਘੜੀਆਂ ਦਾ ਸਮਾਂ ਬਦਲਣ ਦੀ ਇਸ ਰਵਾਇਤ ਨੂੰ ਖਤਮ ਕਰਨ ਲਈ ਪ੍ਰਾਈਵੇਟ ਮੈਂਬਰ ਬਿੱਲ ਕਮੇਟੀ ਰਾਹੀਂ ਪਾਸ ਹੋ ਗਿਆ ਹੈ ਤੇ ਇਸ ਨੂੰ ਹੁਣ ਤੀਜੀ ਰੀਡਿੰਗ ਲਈ ਵਿਧਾਨਸਭਾ ਭੇਜਿਆ ਜਾਵੇਗਾ। ਹਾਲ ਦੀ ਘੜੀ ਇਨ੍ਹਾਂ ਤਬਦੀਲੀਆਂ ਉੱਤੇ ਰੋਕ ਹੋਵੇਗੀ ਕਿਉਂਕਿ ਸਰਕਾਰ ਪਹਿਲਾਂ ਹੀ ਇਹ ਸਪਸ਼ਟ ਕਰ ਚੁੱਕੀ ਹੈ ਕਿ ਉਹ ਉਦੋਂ ਤੱਕ ਇਹ ਤਬਦੀਲੀਆਂ ਨਹੀਂ ਲਿਆਵੇਗੀ ਜਦੋਂ ਤੱਕ ਕਿਊਬਿਕ ਤੇ ਨਿਊ ਯੌਰਕ ਵੀ ਅਜਿਹਾ ਹੀ ਫੈਸਲਾ ਨਹੀਂ ਲੈਂਦੇ।

ਇਸ ਬਿੱਲ ਨੂੰ ਓਨਟਾਰੀਓ ਬੀਆ ਐਸੋਸਿਏਸ਼ਨ ਦਾ ਸਮਰਥਨ ਹਾਸਲ ਹੋਣ ਦੇ ਨਾਲ ਨਾਲ ਪ੍ਰੋਵਿੰਸ ਭਰ ਦੇ 14 ਲੋਕਲ ਚੈਂਬਰਜ਼ ਆਫ ਕਾਮਰਸ ਦਾ ਸਮਰਥਨ ਵੀ ਹਾਸਲ ਹੈ। ਇਸ ਨੂੰ ਐਮਪੀਪੀ ਜੈਰੇਮੀ ਰੌਬਰਟਸ ਵੱਲੋਂ ਪੇਸ਼ ਕੀਤਾ ਗਿਆ ਸੀ। ਮਈ ਵਿੱਚ ਬ੍ਰਿਟਿਸ਼ ਕੋਲੰਬੀਆ ਨੇ ਓਨਟਾਰੀਓ ਨੂੰ ਪਿੱਛੇ ਛੱਡਦਿਆਂ ਡੇਅਲਾਈਟ ਟਾਈਮ ਤੇ ਸਟੈਂਡਰਡ ਟਾਈਮ ਦੇ ਇਸ ਚੱਕਰ ਨੂੰ ਹੀ ਖਤਮ ਕਰ ਦਿੱਤਾ ਸੀ।

# ਬਰੈਂਪਟਨ ਵਿੱਚ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਮਹਿਲਾ ਜ਼ਖ਼ਮੀ



ਬਰੈਂਪਟਨ, 23 ਨਵੰਬਰ (ਪੋਸਟ ਬਿਊਰੋ) : ਬਰੈਂਪਟਨ ਵਿੱਚ ਕੱਲ੍ਹ ਸਵੇਰੇ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ ਤੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਪੀਲ ਪੁਲਿਸ ਨੇ ਦੱਸਿਆ ਕਿ ਸਵੇਰੇ 6:30 ਵਜੇ ਉਨ੍ਹਾਂ ਨੂੰ ਸਟੀਲਜ਼ ਐਵਨਿਊ ਵੈਸਟ ਤੇ ਚਿੰਗੌਕਸੀ ਰੋਡ ਇਲਾਕੇ ਵਿੱਚ ਬੈਰਿੰਗਰ ਗਰੋਵ ਤੇ ਜੇਮਜ਼ ਪੌਟਰ ਰੋਡ ਨੇੜੇ ਸਥਿਤ ਇੱਕ ਘਰ ਵਿੱਚ ਉਨ੍ਹਾਂ ਨੂੰ ਸੱਦਿਆ ਗਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ ਉੱਥੇ ਜ਼ਖ਼ਮੀ ਹਾਲਤ ਵਿੱਚ ਇੱਕ ਮਹਿਲਾ ਮਿਲੀ। ਉਸ ਨੂੰ ਗੰਭੀਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ।

ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਹੈ। ਪਰ ਇਸ ਸਬੰਧ ਵਿੱਚ ਹੋਰ ਜਾਣਕਾਰੀ ਨਹੀਂ ਦਿੱਤੀ ਗਈ।

# ਕੋਰੋਨਾਵਾਇਰਸ ਦੇ ਮਾਮਲਿਆਂ ਵਿੱਚ ਹੋਏ ਵਾਧੇ ਕਾਰਨ ਚੀਨ ਨੇ ਕਈ ਮਿਲੀਅਨ ਲੋਕਾਂ ਦੇ ਟੈਸਟ ਕੀਤੇ ਸ਼ੁਰੂ

ਬੀਜਿੰਗ,23 ਨਵੰਬਰ (ਪੋਸਟ ਬਿਊਰੋ) : ਪਿਛਲੇ ਹਫਤੇ ਤਿੰਨ ਸ਼ਹਿਰਾਂ ਵਿੱਚ ਕਰੋਨਾਵਾਇਰਸ ਦੇ ਮਾਮਲੇ ਵੱਧ ਜਾਣ ਕਾਰਨ ਚੀਨੀ ਅਧਿਕਾਰੀਆਂ ਵੱਲੋਂ ਕਈ ਮਿਲੀਅਨ ਲੋਕਾਂ ਦੇ ਟੈਸਟ ਕੀਤੇ ਜਾ ਰਹੇ ਹਨ। ਇੱਥੇ ਹੀ ਬੱਸ ਨਹੀਂ ਨਵੇਂ ਸਿਰੇ ਤੋਂ ਕਈ ਥਾਂਵਾਂ ਉੱਤੇ ਲਾਕਡਾਊਨ ਲਾਉਣ ਦੇ ਨਾਲ ਨਾਲ ਕਈ ਸਕੂਲਾਂ ਨੂੰ ਵੀ ਬੰਦ ਕੀਤਾ ਜਾ ਰਿਹਾ ਹੈ।



ਤਾਪਮਾਨ ਡਿੱਗਣ ਕਾਰਨ ਤਿਆਨਜ਼ਿਨ, ਸ਼ੰਘਾਈ ਤੇ ਮਾਨਜੌਲੀ ਸਿਟੀਜ਼ ਵਿੱਚ ਨਵੇਂ ਮਾਪਦੰਡ ਤੇਜ਼ੀ ਨਾਲ ਲਾਗੂ ਕੀਤੇ ਜਾ ਰਹੇ ਹਨ। ਹਾਲਾਂਕਿ ਅਮਰੀਕਾ ਤੇ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਚੀਨ ਵਿੱਚ ਨਵੇਂ ਕੇਸਾਂ ਦੀ ਗਿਣਤੀ ਕਿਤੇ ਘੱਟ ਹੈ ਪਰ ਫਿਰ ਵੀ ਚੀਨੀ ਸਰਕਾਰ ਕਾਫੀ ਚੌਕਸੀ ਨਾਲ ਕੰਮ ਕਰ ਰਹੀ ਹੈ। ਕਈ ਮਾਹਿਰਾਂ ਤੇ ਸਰਕਾਰ ਅਧਿਕਾਰੀਆਂ ਵੱਲੋਂ ਇਹ ਚੇਤਾਵਨੀ ਦਿੱਤੀ ਗਈ ਹੈ ਕਿ ਠੰਢੇ ਮੌਸਮ ਵਿੱਚ ਵਾਇਰਸ ਦੇ ਫੈਲਣ ਦਾ ਖਤਰਾ ਕਾਫੀ ਜ਼ਿਆਦਾ ਹੈ। ਹਾਲਾਂਕਿ ਚੀਨ ਵਿੱਚ ਇਸ ਵਾਇਰਸ ਉੱਤੇ ਕਾਫੀ ਹੱਦ ਤੱਕ ਨਕੇਲ ਪਾ ਲਈ ਗਈ ਸੀ ਪਰ ਵਾਇਰਸ ਦੇ ਪਰਤਣ ਦਾ ਖਤਰਾ ਟਲਿਆ ਨਹੀਂ ਹੈ।

ਅੱਜ ਨੈਸ਼ਨਲ ਹੈਲਥ ਕਮਿਸ਼ਨ ਵੱਲੋਂ ਸ਼ੰਘਾਈ ਵਿੱਚ ਪਿਛਲੇ 24 ਘੰਟਿਆਂ ਵਿੱਚ ਦੋ ਨਵੇਂ ਕੇਸ ਰਿਪੋਰਟ ਕੀਤੇ ਗਏ ਹਨ। ਸ਼ੁੱਕਰਵਾਰ ਤੋਂ ਅਜਿਹੇ ਮਾਮਲਿਆਂ ਦੀ ਗਿਣਤੀ ਸੱਤ ਹੋ ਗਈ ਹੈ। ਪਿਛਲੇ ਸਾਲ ਦੇ ਅਖੀਰ ਵਿੱਚ ਸੈਂਟਰਲ ਚੀਨੀ ਸ਼ਹਿਰ ਵਿੱਚ ਵਾਇਰਸ ਦਾ ਪਹਿਲਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਕਰੋਨਾਵਾਇਰਸ ਦੇ 86,442 ਮਾਮਲੇ ਰਿਕਾਰਡ ਕੀਤੇ ਗਏ ਤੇ 4634 ਮੌਤਾਂ ਦਰਜ ਕੀਤੀਆਂ ਗਈਆਂ।

# ਪੁਲਿਸ ਨਾਲ ਮੁਕਾਬਲੇ ਵਿੱਚ ਇੱਕ ਜ਼ਖ਼ਮੀ, ਐਸ ਆਈ ਯੂ ਕਰ ਰਹੀ ਹੈ ਜਾਂਚ



ਵਾਅਨ, 23 ਨਵੰਬਰ (ਪੋਸਟ ਬਿਊਰੋ) : ਵਾਅਨ ਵਿੱਚ ਤੜ੍ਹਕਸਾਰ ਹੋਈ ਸ਼ੂਟਿੰਗ ਦੇ ਸਬੰਧ ਵਿੱਚ ਜਾਂਚ ਲਈ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਨੂੰ ਸੱਦਿਆ ਗਿਆ। ਯੌਰਕ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਇਹ ਸ਼ੂਟਿੰਗ ਸੋਮਵਾਰ ਨੂੰ 12:30 ਦੇ ਨੇੜੇ ਤੇੜੇ ਹਾਈਵੇਅ 7 ਤੇ ਜੇਨ ਏਰੀਆ ਵਿੱਚ ਸਥਿਤ ਬੈਂਕੁਏਟ ਹਾਲ ਦੇ ਪਾਰਕਿੰਗ ਲੌਟ ਵਿੱਚ ਵਾਪਰੀ। ਪੁਲਿਸ ਨੇ ਦੱਸਿਆ ਕਿ ਇੱਕ ਅਧਿਕਾਰੀ ਨੇ ਕ੍ਰੈਡਿਸਟੋਨ ਰੋਡ ਨੇੜੇ ਹਾਈਵੇਅ 7 ਉੱਤੇ ਟਰੈਫਿਕ ਸਬੰਧੀ ਜੁਰਮ ਲਈ ਇੱਕ ਡਰਾਈਵਰ ਨੂੰ ਗੱਡੀ ਰੋਕਣ ਵਾਸਤੇ ਆਖਿਆ। ਪਰ ਉਹ ਡਰਾਈਵਰ ਨਹੀ ਰੁਕਿਆ ਤੇ ਉੱਥੋਂ ਫਰਾਰ ਹੋ ਗਿਆ। ਥੋੜ੍ਹੀ ਹੀ ਦੂਰੀ ਉੱਤੇ ਪੁਲਿਸ ਅਧਿਕਾਰੀਆਂ ਨੂੰ ਉਹ ਕਾਰ ਮਿਲ ਗਈ ਤੇ ਉੱਥੇ ਹੀ ਦੋਵਾਂ ਧਿਰਾਂ ਵੱਲੋਂ ਇੱਕ ਦੂਜੇ ਉੱਤੇ ਗੋਲੀਆਂ ਚਲਾਈਆਂ ਗਈਆਂ। ਇੱਕ 23 ਸਾਲਾ ਨੌਜਵਾਨ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਇਹ ਮੁਕਾਬਲਾ ਡਰਾਈਵਰ ਤੇ ਪੁਲਿਸ ਅਧਿਕਾਰੀਆਂ ਦਰਮਿਆਨ ਵਾਪਰਨ ਕਾਰਨ ਐਸ ਆਈ ਯੂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਵਿਸਕੌਂਨਸਿਨ ਦੇ ਮਾਲ ਵਿੱਚ ਚੱਲੀ ਗੋਲੀ ਦੇ ਸਬੰਧ ਵਿੱਚ 15 ਸਾਲਾ ਲੜਕਾ ਗ੍ਰਿਫਤਾਰ

ਵਾਓਵਾਟੋਸਾ, ਵਿਸਕੌਂਨਸਿਨ, 23 ਨਵੰਬਰ (ਪੋਸਟ ਬਿਊਰੋ) : ਸਬਅਰਬਨ ਮਿਲਵਾਕੀ ਮਾਲ ਵਿੱਚ ਵਾਪਰੀ ਸ਼ੂਟਿੰਗ ਦੀ ਘਟਨਾ ਵਿੱਚ ਅੱਠ ਵਿਅਕਤੀ ਜ਼ਖ਼ਮੀ ਹੋ ਗਏ। ਇਸ ਸਬੰਧ ਵਿੱਚ ਇੱਕ 15 ਸਾਲਾ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ।



ਵਾਓਵਾਟੋਸਾ ਪੁਲਿਸ ਚੀਫ ਬੈਰੀ ਵੈਬਰ ਨੇ ਦੱਸਿਆ ਕਿ ਇਹ ਸ਼ੂਟਿੰਗ ਦੀ ਘਟਨਾ ਸ਼ੁੱਕਰਵਾਰ ਦੁਪਹਿਰ ਨੂੰ ਦੋ ਗਰੁੱਪਜ਼ ਵਿੱਚ ਵਿਵਾਦ ਵਧਣ ਤੋਂ ਬਾਅਦ ਵਾਪਰੀ। ਇਸ ਘਟਨਾ ਵਿੱਚ ਉੱਥੇ ਮੌਜੂਦ ਚਾਰ ਰਾਹਗੀਰ ਵੀ ਜ਼ਖ਼ਮੀ ਹੋ ਗਏ ਪਰ ਉਨ੍ਹਾਂ ਦੀ ਜਾਨ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਜਾਂਚਕਾਰਾਂ ਦਾ ਕਹਿਣਾ ਹੈ ਕਿ ਮਸ਼ਕੂਕ ਹੋਰਨਾਂ ਵਿਅਕਤੀਆਂ ਨਾਲ ਮਾਲ ਤੋਂ ਬਾਹਰ ਦੌੜ ਗਿਆ। ਐਤਵਾਰ ਨੂੰ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਵੈਬਰ ਨੇ ਆਖਿਆ ਕਿ ਸਾਨੂੰ ਇਹ ਤਾਂ ਪੱਕਾ ਪਤਾ ਹੈ ਕਿ ਇਸ ਘਟਨਾ ਤੋਂ ਪਹਿਲਾਂ ਮਾਲ ਵਿੱਚ ਤੂੰ ਤੂੰ ਮੈਂ ਮੈਂ ਹੋਈ ਸੀ। ਉਸ ਤੋਂ ਬਾਅਦ ਹੀ ਗੋਲੀਆਂ ਚੱਲੀਆਂ।

ਅਜੇ ਤੱਕ ਮਸ਼ਕੂਕ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ ਤੇ ਨਾ ਹੀ ਐਤਵਾਰ ਨੂੰ ਚਾਰਜਿਜ਼ ਦਾ ਹੀ ਐਲਾਨ ਕੀਤਾ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਹਥਿਆਰ ਬਰਾਮਦ ਹੋਇਆ ਹੈ। ਮਾਲ ਸ਼ਨਿੱਚਰਵਾਰ ਨੂੰ ਬੰਦ ਰੱਖਿਆ ਗਿਆ ਤੇ ਜਾਂਚਕਾਰ ਸਾਰੀ ਰਾਤ ਉੱਥੇ ਜਾਂਚ ਕਰਦੇ ਰਹੇ। ਪੁਲਿਸ ਨੇ ਦੱਸਿਆ ਕਿ ਐਤਵਾਰ ਨੂੰ ਖਰੀਦਦਾਰਾਂ ਨੂੰ ਸ਼ਾਪਿੰਗ ਦੀ ਇਜਾਜ਼ਤ ਦੇ ਦਿੱਤੀ ਗਈ।

# ਓਨਟਾਰੀਓ ਵਿੱਚ ਐਨਡੀਪੀ ਵੀਕੈਂਡ ਤੋਂ ਸ਼ੁਰੂ ਕਰੇਗੀ ਨਾਮਜ਼ਦਗੀਆਂ

...ਪੰਨਾ 1 ਦਾ ਬਾਕੀ

ਹੁਣ ਤੱਕ 2020 ਵਿੱਚ ਪਾਰਟੀ ਦੇ ਇਲੈਕਸ਼ਨ ਟਰੇਨਿੰਗ ਪ੍ਰੋਗਰਾਮ ਤਹਿਤ 3500 ਤੋਂ ਉੱਪਰ ਕੈਂਪੇਨ ਵਰਕਰਜ਼ ਨੂੰ 200 ਵਿਅਕਤੀਗਤ ਟਰੇਨਿੰਗ ਸੈਸ਼ਨਜ਼ ਡਲਿਵਰ ਕੀਤੇ ਜਾ ਚੁੱਕੇ ਹਨ। ਐਨਡੀਪੀ ਦੇ ਨਜ਼ਰੀਏ, ਯੋਜਨਾਵਾਂ ਤੇ ਵਿਚਾਰਾਂ ਦਾ ਸਮਰਥਨ ਕਰਨ ਵਾਲਿਆਂ ਦੀ ਗਿਣਤੀ ਇੱਕਲੇ 2020 ਵਿੱਚ 375,000 ਦੇ ਨੇੜੇ ਤੇੜੇ ਪਹੁੰਚ ਗਈ ਹੈ। ਇੱਥੇ ਦੱਸਣਾ ਬਣਦਾ ਹੈ ਕਿ 2020 ਵਿੱਚ ਐਨਡੀਪੀ ਨੂੰ 22,444 ਵਿਅਕਤੀਗਤ ਡੋਨੇਸ਼ਨਾਂ ਹਾਸਲ ਹੋਈਆਂ ਜਦਕਿ ਲਿਬਰਲਾਂ ਨੂੰ 10,107 ਵਿਅਕਤੀਗਤ ਡੋਨੇਸ਼ਨਾਂ ਹਾਸਲ ਹੋਈਆਂ ਤੇ ਫੋਰਡ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਨੂੰ 5,240 ਵਿਅਕਤੀਗਤ ਡੋਨੇਸ਼ਨਾਂ ਹਾਸਲ ਹੋਈਆਂ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047





NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1





jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca




## ਅੱਜ ਨਾਮਾ

ਫਿਕਰਾਂ ਵਿੱਚ ਪਿਆ ਕੋੜਮਾ ਬਾਦਲਾਂ ਦਾ,
ਨਿੱਖੜਦੀ ਪਾਰਟੀ ਦੀ ਜਾਪੇ ਡਾਰ ਮੀਆਂ।
ਜਿਹੜੇ ਬਾਪੂ ਦੇ ਚਿਰਾਂ ਦੇ ਕਈ ਮਿੱਤਰ,
ਪੱਲਾ ਛੱਡਣ ਲਈ ਹੋਏ ਤਿਆਰ ਮੀਆਂ।
ਆ ਗਈ ਉੱਤੋਂ ਆਹ ਚੋਣ ਸ਼ਰੋਮਣੀ ਦੀ,
ਮੈਂਬਰ ਬੈਠ ਗਏ ਘੇਸਲ ਨੇ ਮਾਰ ਮੀਆਂ।
ਵਿੱਚੋਂ ਘਰਾਂ ਦੇ ਹੋਏ ਨੇ ਗਾਇਬ ਮੈਂਬਰ,
ਕਰਿਆ ਫੋਨ ਨਹੀਂ ਚੁੱਕਦੇ ਯਾਰ ਮੀਆਂ।
ਪਾਰਟੀ ਦੂਸਰੀ ਹੋਈ ਸਰਗਰਮ ਵਾਹਵਾ,
ਦਿਨੇ-ਰਾਤ ਰਹੇ ਲੀਡਰ ਆ ਦੌੜ ਮੀਆਂ।
ਇਨ੍ਹਾਂ ਦੌੜਾਂ ’ਤੇ ਕਈਆਂ ਦੀ ਅੱਖ ਲੱਗੀ,
ਕਈਆਂ ਸਾਲਾਂ ਦੀ ਕੱਢਣਗੇ ਔੜ ਮੀਆਂ।

**ਤੀਸ ਮਾਰ ਖਾਂ**

# ਜੀ-20 ਸਿਖਰ ਵਾਰਤਾ ਵਿੱਚ ਮਹਾਂਮਾਰੀ ਖਿਲਾਫ ਰਲ ਕੇ ਹੰਭਲਾ ਮਾਰਨ ਦਾ ਪ੍ਰਗਟਾਇਆ ਗਿਆ ਤਹੱਈਆ

ਓਟਵਾ, 23 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਤਵਾਰ ਨੂੰ ਜੀ-20 ਦੇਸ਼ਾਂ ਦੇ ਹੋ ਰਹੇ ਸਿਖਰ ਸੰਮੇਲਨ ਵਿੱਚ ਹਿੱਸਾ ਲਿਆ। ਇਸ ਦੌਰਾਨ ਕੀਤੇ ਗਏ ਵਾਅਦਿਆਂ ਵਿੱਚ ਵਪਾਰ ਨੂੰ ਚੱਲਦਾ ਰੱਖਣ ਲਈ ਰਲ ਕੇ ਕੰਮ ਕਰਨ, ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ ਨਾਲ ਲੜਨ ਤੇ ਕੋਵਿਡ-19 ਵੈਕਸੀਨ ਗਰੀਬ ਦੇਸ਼ਾਂ ਨੂੰ ਮੁਹੱਈਆ ਕਰਵਾਉਣ ਦਾ ਤਹੱਈਆ ਪ੍ਰਗਟਾਇਆ ਗਿਆ।

ਦੋ ਦਿਨਾਂ ਤੱਕ ਬੰਦ ਦਰਵਾਜ਼ਾ ਵਰਚੂਅਲ ਗੱਲਬਾਤ ਵਿੱਚ ਸਾਰੇ ਆਗੂਆਂ ਦਾ ਧਿਆਨ ਮਹਾਂਮਾਰੀ ਖਿਲਾਫ ਰਲ ਕੇ ਹੰਭਲਾ ਮਾਰਨ ਉੱਤੇ ਹੀ ਕੇਂਦਰਿਤ ਰਿਹਾ। ਸਿਖਰ ਵਾਰਤਾ ਮੁੱਕਣ ਤੋਂ ਬਾਅਦ ਜੀ-20 ਆਗੂਆਂ ਵੱਲੋਂ ਸਾਂਝਾ ਐਲਾਨਨਾਮਾ ਵੀ ਜਾਰੀ ਕੀਤਾ ਗਿਆ।



ਮਾਹਿਰਾਂ ਦਾ ਮੰਨਣਾ ਹੈ ਕਿ ਸਿਖਰ ਵਾਰਤਾ ਵਿੱਚ ਦੁਹਰਾਏ ਗਏ ਵਾਅਦਿਆਂ ਦੇ ਬਾਵਜੂਦ ਅੱਜ ਦੁਨੀਆ ਨੂੰ ਦਰਪੇਸ਼ ਕਈ ਅਹਿਮ ਮੁੱਦਿਆ ਨੂੰ ਛੋਹਿਆ ਵੀ ਨਹੀਂ ਗਿਆ ਕਿਉਂਕਿ ਇਹ ਨਵੇਂ ਮੁੱਦੇ ਨਹੀਂ ਸਨ। ਅਫਰੀਕਾ ਤੇ ਹੋਰਨਾਂ ਥਾਂਵਾਂ ਉੱਤੇ ਵੈਕਸੀਨ ਕਿਸ ਤਰ੍ਹਾਂ ਪਹੁੰਚਾਈ ਜਾਣੀ ਹੈ ਸਮੇਤ ਨਵੇਂ ਵਾਅਦਿਆਂ ਲਈ ਕਿਸੇ ਕਿਸਮ ਦੇ ਫੰਡਾਂ ਦਾ ਐਲਾਨ ਵੀ ਨਹੀਂ ਕੀਤਾ ਗਿਆ। ਸਾਊਦੀ ਅਰਬ ਵੱਲੋਂ ਇਸ ਸਿਖਰ ਵਾਰਤਾ ਦੀ ਮੇਜ਼ਬਾਨੀ ਕੀਤੇ ਜਾਣ ਦੇ ਬਾਵਜੂਦ ਇਸ ਐਲਾਨਨਾਮੇ ਵਿੱਚ ਮਨੁੱਖੀ ਅਧਿਕਾਰਾਂ ਦਾ ਕੋਈ ਜ਼ਿਕਰ ਤੱਕ ਨਹੀਂ ਕੀਤਾ ਗਿਆ।

ਪ੍ਰਧਾਨ ਮੰਤਰੀ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਟਰੂਡੋ ਨੇ ਇਸ ਵਰਚੂਅਲ ਸਿਖਰ ਵਾਰਤਾ ਵਿੱਚ ਮਨੁੱਖੀ ਅਧਿਕਾਰਾਂ ਦਾ ਮੁੱਦਾ ਜ਼ਰੂਰ ਛੇੜਿਆ ਸੀ। ਉਨ੍ਹਾਂ ਵੱਲੋਂ ਕਲਾਈਮੇਟ ਚੇਂਜ, ਮੁਕਤ ਵਪਾਰ, ਵੈਕਸੀਨ ਤੱਕ ਸਾਰਿਆ ਦੀ ਪਹੁੰਚ ਤੇ ਸਾਰੇ ਲੋਕਾਂ ਦੀ ਕੋਵਿਡ-19 ਦੌਰਾਨ ਮਦਦ ਵਰਗੇ ਮੁੱਦਿਆਂ ਬਾਰੇ ਵੀ ਆਗੂਆਂ ਨਾਲ ਗੱਲਬਾਤ ਕਰਨ ਦੀ ਕੋਸਿਸ ਕੀਤੀ ਗਈ।

# ਧੁੱਪ ਸੇਕਦੇ ਵਿਅਕਤੀ ’ਤੇ ਟਰੈਕਟਰ ਚੜ੍ਹਨ ਨਾਲ ਮੌਤ

ਅਟਾਰੀ, 23 ਨਵੰਬਰ (ਪੋਸਟ ਬਿਊਰੋ)- ਸਰਹੱਦੀ ਪਿੰਡ ਅਟਾਰੀ ਵਿਖੇ ਤੇਜ਼ ਰਫਤਾਰ ਬੇਕਾਬੂ ਹੋਏ ਟਰੈਕਟਰ ਨੇ ਧੁੱਪ ਸੇਕ ਰਹੇ ਇੱਕ ਵਿਅਕਤੀ ਨੂੰ ਕੁਚਲ ਦਿੱਤਾ, ਜਿਸ ਦੀ ਮੌਕੇ ’ਤੇ ਮੌਤ ਹੋ ਗਈ।

ਚੌਕੀ ਇੰਚਾਰਜ ਚਰਨਜੀਤ ਸਿੰਘ ਨੇ ਦਸਿਆ ਕਿ ਸੁਬੇਗ ਸਿੰਘ (52) ਵਾਸੀ ਅਟਾਰੀ ਆਪਣੇ ਘਰ ਅੱਗੇ ਬੈਠ ਕੇ ਧੁੱਪ ਸੇਕ ਰਿਹਾ ਸੀ ਕਿ ਝਬਾਲ ਵਾਲੇ ਪਾਸੇ ਤੋਂ ਇੱਕ ਮਿੱਟੀ ਢੋਣ ਵਾਲਾਤੇਜ਼ ਰਫਤਾਰ ਟਰੈਕਟਰ-ਟਰਾਲੀ ਆਇਆ ਜਿਸ ਦਾ ਡਰਾਈਵਰ ਮੋਬਾਈਲ ’ਤੇ ਕਿਸੇ ਨਾਲ ਗੱਲ ਕਰ ਰਿਹਾ ਸੀ। ਇਸੇ ਦੌਰਾਨ ਡਰਾਈਵਰ ਤੋਂ ਟਰੈਕਟਰ ਬੇਕਾਬੂ ਹੋ ਗਿਆ ਤੇ ਉਲਟ ਦਿਸ਼ਾ ਵਿੱਚ ਆ ਕੇ ਪਹਿਲਾਂ ਸੜਕ ਉਤੇ ਖੜ੍ਹੀ ਕਾਰ ਵਿੱਚ ਜਾ ਵੱਜਾ ਤੇ ਫਿਰ ਘਰ ਦੇ ਬਾਹਰ ਬੈਠੇ ਸੁਬੇਗ ਸਿੰਘ ’ਤੇ ਜਾ ਚੜ੍ਹਿਆ। ਹਾਦਸੇ ਵਿੱਚ ਸੁਬੇਗ ਸਿੰਘ ਦੀ ਮੌਕੇ ’ਤੇ ਮੌਤ ਹੋ ਗਈ।

# ਐਲੀ ਲਿਲੀ ਦੇ ਕੋਵਿਡ-19 ਐਂਟੀਬੌਡੀ ਟਰੀਟਮੈਂਟ ਨੂੰ ਹੈਲਥ ਕੈਨੇਡਾ ਨੇ ਦਿੱਤੀ ਇਜਾਜ਼ਤ

ਟੋਰਾਂਟੋ, 23 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਇਨਫੈਕਸ਼ਨਜ਼ ਦੇ ਇਲਾਜ ਲਈ ਹੈਲਥ ਕੈਨੇਡਾ ਵੱਲੋਂ ਐਲੀ ਲਿਲੀ ਐਂਡ ਕੰਪਨੀ ਦੀ ਐਂਟੀਬੌਡੀ ਥੈਰੇਪੀ ਦੀ ਐਮਰਜੰਸੀ ਵਰਤੋਂ ਲਈ ਇਜਾਜ਼ਤ ਦੇ ਦਿੱਤੀ ਗਈ ਹੈ।

ਸ਼ੁੱਕਰਵਾਰ ਨੂੰ ਜਾਰੀ ਕੀਤੀ ਗਈ ਪ੍ਰੈੱਸ ਰਲੀਜ਼ ਵਿੱਚ ਆਖਿਆ ਗਿਆ ਕਿ ਬਾਲਗਾਂ ਤੇ 12 ਸਾਲ ਤੋਂ ਉੱਤੇ ਉਮਰ ਵਰਗ ਦੇ ਬੱਚਿਆਂ, ਜਿਨ੍ਹਾਂ ਵਿੱਚ ਕਰੋਨਾਵਾਇਰਸ ਦੀ ਮੱਠੀ ਤੋਂ ਦਰਮਿਆਨੀ ਇਨਫੈਕਸ਼ਨ ਹੈ, ਦੇ ਇਲਾਜ ਲਈ ਸਿੰਗਲ ਐਂਟੀਬੌਡੀ ਟਰੀਟਮੈਂਟ (ਜਿਸ ਨੂੰ ਬਾਮਲਾਨਿਵੀਮੈਬ ਆਖਿਆ ਜਾਂਦਾ ਹੈ) ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਲਿਲੀ ਨੇ ਆਖਿਆ ਕਿ ਇਹ ਇਲਾਜ ਉਨ੍ਹਾਂ ਲਈ ਹੈ ਜਿਨ੍ਹਾਂ ਵਿੱਚ ਕੋਵਿਡ-19 ਦੇ ਗੰਭੀਰ ਲੱਛਣ ਵੱਧ ਰਹੇ ਹੋਣ ਤੇ ਜਾਂ ਫਿਰ ਜਿਨ੍ਹਾਂ ਨੂੰ ਹਸਪਤਾਲ ਭਰਤੀ ਕਰਵਾਉਣ ਦੀ ਨੌਬਤ ਆ ਜਾਵੇ। ਇਹ ਉਨ੍ਹਾਂ ਮਰੀਜ਼ਾਂ ਲਈ ਨਹੀਂ ਹੈ ਜਿਹੜੇ ਪਹਿਲਾਂ ਹੀ ਹਸਪਤਾਲ ਦਾਖਲ ਹੋਣ ਜਾਂ ਜਿਨ੍ਹਾਂ ਨੂੰ ਆਕਸੀਜ਼ਨ ਦੀ ਲੋੜ ਹੋਵੇ।

ਲਿਲੀ ਦੇ ਚੇਅਰਮੈਨ ਤੇ ਸੀਈਓ ਡੇਵਿਡ ਏ.ਰਿੱਕਸ ਨੇ ਇੱਕ ਰਲੀਜ਼




ਵਿੱਚ ਆਖਿਆ ਕਿ ਕੈਨੇਡਾ ਵਿੱਚ ਸਾਡੀ ਦਵਾਈ ਨੂੰ ਆਥੋਰਾਈਜ਼ ਕੀਤੇ ਜਾਣ ਨਾਲ ਹੁਣ ਅਸੀਂ ਬਾਮਲਾਨਿਵੀਮੈਬ ਦੁਨੀਆ ਭਰ ਵਿੱਚ ਮੌਜੂਦ ਮਰੀਜ਼ਾਂ ਨੂੰ ਉਪਲਬਧ ਕਰਵਾਉਣ ਦਾ ਟੀਚਾ ਮਿਥਿਆ ਹੈ। ਇਹ ਫੈਸਲਾ ਇੰਡਸਟਰੀ ਤੇ ਸਰਕਾਰਾਂ ਦਰਮਿਆਨ ਮਜ਼ਬੂਤ ਸਾਂਝ ਦੀ ਸ਼ਾਹਦੀ ਭਰਦਾ ਹੈ। ਇਸ ਨਾਲ ਜਲਦੀ ਤੋਂ ਜਲਦੀ ਕੋਵਿਡ-19 ਮੈਡੀਸਿਨ ਲੋਕਾਂ ਨੂੰ ਮੁਹੱਈਆ ਕਰਵਾਈ ਜਾ ਸਕੇਗੀ।

ਰਿੱਕਸ ਨੇ ਆਖਿਆ ਕਿ ਇਹ ਇਲਾਜ ਜਲਦ ਹੀ ਕੈਨੇਡਾ ਵਿੱਚ ਉਪਲਬਧ ਹੋਵੇਗਾ। ਇੱਕ ਅੰਦਾਜ਼ੇ ਮੁਤਾਬਕ ਸਾਲ 2020 ਦੇ ਅੰਤ ਤੱਕ ਲਿਲੀ ਵੱਲੋਂ ਬਾਮਲਾਨਿਵੀਮੈਬ ਦੀਆਂ ਇੱਕ ਮਿਲੀਅਨ ਡੋਜ਼ਿਜ਼ ਤਿਆਰ ਕੀਤੇ ਜਾਣ ਦੀ ਸੰਭਾਵਨਾ ਹੈ। ਰਲੀਜ਼ ਅਨੁਸਾਰ ਅਗਲੇ ਸਾਲ ਦੇ ਸ਼ੁਰੂ ਵਿੱਚ ਇਸ ਦਵਾਈ ਦੀ ਵਰਤੋਂ ਦੁਨੀਆ ਭਰ ਵਿੱਚ ਸ਼ੁਰੂ ਕਰ ਦਿੱਤੀ ਜਾਵੇਗੀ।

# ਅਗਲੇ ਮਹੀਨੇ ਅਮਰੀਕਾ ’ਚ ਕੋਵਿਡ-19 ਵੈਕਸੀਨੇਸ਼ਨ ਜੰਗੀ ਪੱਧਰ ’ਤੇ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ



ਵਾਸ਼ਿੰਗਟਨ, 23 ਨਵੰਬਰ (ਪੋਸਟ ਬਿਊਰੋ) : ਅਮਰੀਕਾ ਵਿੱਚ ਕੋਵਿਡ-19 ਵੈਕਸੀਨੇਸ਼ਨ ਸਬੰਧੀ ਪ੍ਰੋਗਰਾਮ ਦਸੰਬਰ ਦੇ ਸ਼ੁਰੂ ਵਿੱਚ ਜੰਗੀ ਪੱਧਰ ਉੱਤੇ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ। ਸਰਕਾਰ ਦੇ ਕਰੋਨਾਵਾਇਰਸ ਵੈਕਸੀਨ ਐਫਰਟ ਦੇ ਮੁਖੀ ਨੇ ਆਖਿਆ ਕਿ ਅਮਰੀਕਾ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਹੋ ਰਹੇ ਰਿਕਾਰਡ ਤੋੜ ਵਾਧੇ ਦੇ ਮੱਦੇਨਜ਼ਰ ਇਹ ਫੈਸਲਾ ਕੀਤਾ ਗਿਆ ਹੈ।

ਪਿਛਲੇ ਸਾਲ ਦੇ ਅੰਤ ਵਿੱਚ ਚੀਨ ਤੋਂ ਸ਼ੁਰੂ ਹੋਏ ਇਸ ਵਾਇਰਸ ਕਾਰਨ ਦੁਨੀਆ ਭਰ ਵਿੱਚ ਕੀਮਤੀ ਜਾਨਾਂ ਦਾ ਕਾਫੀ ਹਰਜਾ ਹੋਇਆ ਹੈ ਪਰ ਸੱਭ ਤੋਂ ਵੱਧ, 255,000 ਮੌਤਾਂ ਇੱਕਲੇ ਅਮਰੀਕਾ ਵਿੱਚ ਹੋਈਆਂ ਹਨ। ਵੈਕਸੀਨੇਸ਼ਨ ਦੀ ਵਰਤੋਂ ਵਾਇਰਸ ਖਿਲਾਫ ਵਿੱਢੀ ਗਈ ਜੰਗ ਦਾ ਅਹਿਮ ਟਰਨਿੰਗ ਪੁਆਇੰਟ ਹੋ ਸਕਦੀ ਹੈ। ਯੂਐਸ ਦੇ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਦੇ ਮੌਨਸੈਫ ਸਲਾਓਈ ਨੇ ਦੱਸਿਆ ਕਿ ਮਨਜ਼ੂਰੀ ਮਿਲਣ ਤੋਂ ਬਾਅਦ 24 ਘੰਟੇ ਦੇ ਅੰਦਰ ਅੰਦਰ ਵੈਕਸੀਨਜ਼ ਨੂੰ ਇਮਿਊਨਾਈਜ਼ੇਸਲਨ ਸਾਈਟਸ ਉੱਤੇ ਪਹੁੰਚਾਉਣਾ ਹੀ ਸਾਡਾ ਟੀਚਾ ਹੈ। ਵੈਕਸੀਨੇਸ਼ਨ ਲਈ 11 ਤੇ 12 ਦਸੰਬਰ ਤਰੀਕਾਂ ਤੈਅ ਹੋ ਸਕਦੀਆਂ ਹਨ।

ਐਫਡੀਏ ਵੈਕਸੀਨ ਸਲਾਹਕਾਰਾਂ ਵੱਲੋਂ 10 ਦਸੰਬਰ ਨੂੰ ਇਨ੍ਹਾਂ ਵੈਕਸੀਨਜ਼ ਨੂੰ ਮਨਜ਼ੂਰੀ ਦੇਣ ਲਈ ਮੁਲਾਕਾਤ ਕੀਤੇ ਜਾਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਫਾਈਜ਼ਰ ਤੇ ਮੌਡਰਨਾ ਵਰਗੀਆਂ ਨਾਮੀਂ ਫਾਰਮਾਸਿਊਟੀਕਲ ਕੰਪਨੀਆਂ ਵੱਲੋਂ ਤਿਆਰ ਕੀਤੀ ਗਈ ਕੋਵਿਡ-19 ਸਬੰਧੀ ਵੈਕਸੀਨ ਨੂੰ 95 ਫੀ ਸਦੀ ਕਾਰਗਰ ਦੱਸਿਆ ਜਾ ਰਿਹਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਦੁਨੀਆ ਭਰ ਵਿੱਚ ਇਸ ਸਾਲ ਕਰੋਨਾਵਾਇਰਸ ਕਾਰਨ 1.4 ਮਿਲੀਅਨ ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਘੱਟੋ ਘੱਟ 58 ਮਿਲੀਅਨ ਮਾਮਲੇ ਰਜਿਸਟਰ ਕੀਤੇ ਜਾ ਚੁੱਕੇ ਹਨ।

ਸਲਾਓਈ ਦੇ ਅੰਦਾਜ਼ੇ ਮੁਤਾਬਕ ਦਸੰਬਰ ਵਿੱਚ ਅਮਰੀਕਾ ਭਰ ਦੇ 20 ਮਿਲੀਅਨ ਲੋਕਾਂ ਨੂੰ ਵੈਕਸੀਨੇਟ ਕੀਤਾ ਜਾ ਸਕੇਗਾ ਤੇ ਉਸ ਤੋਂ ਬਾਅਦ ਹਰ ਮਹੀਨੇ 30 ਮਿਲੀਅਨ ਲੋਕਾਂ ਨੂੰ ਵੈਕਸੀਨੇਟ ਕੀਤਾ ਜਾ ਸਕੇਗਾ। ਉਨ੍ਹਾਂ ਆਖਿਆ ਕਿ ਮਈ ਤੱਕ 70 ਫੀ ਸਦੀ ਅਬਾਦੀ ਦੇ ਵੈਕਸੀਨੇਟ ਹੋ ਜਾਣ ਤੋਂ ਬਾਅਦ ਅਮਰੀਕਾ ਵਿੱਚ ਵਾਇਰਸ ਤੇਜ਼ੀ ਨਾਲ ਫੈਲਣ ਵਿੱਚ ਅਸਮਰੱਥ ਹੋ ਜਾਵੇਗਾ ਤੇ ਲੋਕਾਂ ਦੀ ਇਮਿਊਨਿਟੀ ਮਜ਼ਬੂਤ ਹੋ ਜਾਵੇਗੀ। ਫਿਰ ਲੋਕ ਕਰੋਨਾਵਾਇਰਸ ਤੋਂ ਪਹਿਲਾਂ ਵਰਗੀ ਜ਼ਿੰਦਗੀ ਜੀਅ ਸਕਣਗੇ।

# ਟੋਰਾਂਟੋ ਤੇ ਪੀਲ ਵਿੱਚ 28 ਦਿਨ ਦਾ ਲਾਕਡਾਊਨ

ਟੋਰਾਂਟੋ, 23 ਨਵੰਬਰ (ਪੋਸਟ ਬਿਊਰੋ) : ਅਗਲੇ 28 ਦਿਨਾਂ ਤੱਕ ਇੱਕ ਵਾਰੀ ਫਿਰ ਸੋਮਵਾਰ ਤੋਂ ਸ਼ੁਰੂ ਕਰਕੇ ਟੋਰਾਂਟੋ ਤੇ ਪੀਲ ਰੀਜਨ ਵਿੱਚ ਲਾਕਡਾਊਨ ਲਾਇਆ ਜਾ ਰਿਹਾ ਹੈ।

ਇਸ ਲਾਕਡਾਊਨ ਦੇ ਬਾਵਜੂਦ ਸਕੂਲ, ਚਾਈਲਡ ਕੇਅਰ ਸੈਂਟਰ, ਫਾਰਮੇਸੀਜ਼, ਡਾਕਟਰ ਤੇ ਡੈਂਟਿਸਟ ਆਫਿਸਿਜ਼ ਖੁੱਲ੍ਹੇ ਰਹਿਣਗੇ। ਇਨ੍ਹਾਂ ਤੋਂ ਇਲਾਵਾ ਸੁਪਰਮ-ਾਰਕਿਟਸ, ਗਰੌਸਰੀ ਸਟੋਰਜ਼, ਕਨਵੀਨੀਐਂਸ ਸਟੋਰਜ਼, ਹਾਰਡਵੇਅਰ ਸਟੋਰਜ਼, ਡਿਸਕਾਊਂਟ ਤੇ ਡਿਪਾਰਟਮੈਂਟ ਸਟੋਰ-ਟਾਈਪ ਰੀਟੇਲਰਜ਼, ਐਲਸੀਬੀਓ ਤੇ ਬੀਅਰ ਸਟੋਰਜ਼ ਦੇ ਨਾਲ ਨਾਲ ਸੇਫਟੀ ਸਪਲਾਈ ਸਟੋਰਜ਼ ਵੀ ਖੁੱਲ੍ਹੇ ਰਹਿਣਗੇ। ਵਿਅਕਤੀਗਤ ਤੌਰ ਉੱਤੇ ਸ਼ਾਪਿੰਗ ਕਰਨ ਵਾਲਿਆਂ ਦੀ ਤਾਦਾਦ ਵਿੱਚ 50 ਫੀ ਸਦੀ ਕਮੀ ਲਿਆਂਦੀ ਜਾਵੇਗੀ।

ਇਸ ਤੋਂ ਇਲਾਵਾ ਵੈੱਟ ਸਰਵਿਸਿਜ਼ ਜਾਰੀ ਰਹਿਣਗੀਆਂ। ਮੋਟਰ ਵ੍ਹੀਕਲ ਸੇਲਜ਼ ਦਾ ਕੰਮ ਅਪੁਆਇੰਟਮੈਂਟ ਨਾਲ ਹੀ ਹੋਵੇਗਾ। ਗਾਰਡਨ ਸੈਂਟਰਜ਼ ਤੇ ਪਲਾਂਟ ਨਰਸਰੀਜ਼ ਵੀ ਉਦੋਂ ਤੱਕ ਅਪੁਆਇੰਟਮੈਂਟ ਨਾਲ ਜਾਰੀ ਰਹਿਣਗੀਆਂ ਜਦੋਂ ਤੱਕ ਪਿੱਕਅੱਪ ਜਾਂ ਡਲਿਵਰੀ ਜਨਤਾ ਲਈ ਉਪਲਬਧ ਨਹੀਂ ਕਰਵਾਈ ਜਾਂਦੀ। ਸਖ਼ਤ ਪਬਲਿਕ ਹੈਲਥ ਮਾਪਦੰਡਾਂ ਨਾਲ ਆਊਟਡੋਰ ਮਾਰਕਿਟਸ ਵੀ ਖੁੱਲ੍ਹੀਆਂ ਰੱਖੀਆਂ ਜਾਣਗੀਆਂ।

ਬਿਨਾਂ ਛੋਟ ਦੇ ਜਿਹੜੀਆਂ ਥਾਂਵਾਂ ਬੰਦ ਰਹਿਣਗੀਆਂ

- ਹੇਅਰ ਸੈਲੌਂ ਤੇ ਬਾਰਬਰ ਸ਼ੌਪਜ਼
- ਨੇਲ ਸੈਲੌਂ
- ਟੈਟੂ ਪਾਰਲਰ
- ਕੈਸੀਨੋਜ਼, ਬਿੰਗੋ ਹਾਲਜ਼ ਤੇ ਗੇਮਿੰਗ ਅਦਾਰੇ
- ਐਮਿਊਜ਼ਮੈਂਟ ਪਾਰਕ
- ਸਟਰਿੱਪ ਕਲੱਬ, ਬਾਥਹਾਊਸਿਜ਼ ਤੇ ਸੈਕਸ ਕਲੱਬਜ਼
- ਮਿਊਜ਼ੀਅਮ, ਗੈਲਰੀਜ਼, ਸਾਇੰਸ ਸੈਂਟਰਜ਼, ਜ਼ੂ ਤੇ ਅਕੁਏਰੀਅਮਜ਼

ਛੋਟ ਨਾਲ ਜਿਹੜੀਆਂ ਥਾਂਵਾਂ ਬੰਦ ਰਹਿਣਗੀਆਂ

ਇੱਕ ਘਰ ਦੇ ਮੈਂਬਰਾਂ ਤੋਂ ਇਲਾਵਾ ਕਿਸੇ ਕਿਸਮ ਦੇ ਇੰਡੋਰ ਪਬਲਿਕ ਈਵੈਂਟਸ ਜਾਂ ਸੋਸ਼ਲ ਗੈਦਰਿੰਗਜ਼ ਦੀ ਇਜਾਜ਼ਤ ਨਹੀਂ ਹੋਵੇਗੀ। ਆਊਟਡੋਰ ਗੈਦਰਿੰਗਜ਼, ਜਿੱਥੇ ਫਿਜ਼ੀਕਲ ਡਿਸਟੈਂਸਿੰਗ ਰੱਖੀ ਜਾ ਸਕਦੀ ਹੈ, 10 ਵਿਅਕਤੀਆਂ ਦੇ ਇੱਕਠ ਤੱਕ ਸੀਮਤ ਰਹਿਣਗੀਆਂ। ਮਰਗ, ਵਿਆਹ ਤੇ ਧਾਰਮਿਕ ਸੇਵਾਵਾਂ ਵਿੱਚ ਵੀ ਇੰਡੋਰ ਤੇ ਆਊਟਡੋਰ ਇੱਕਠ ਲਈ ਸਿਰਫ 10 ਵਿਅਕਤੀਆਂ ਨੂੰ ਹੀ ਇਜਾਜ਼ਤ ਦਿੱਤੀ ਜਾਵੇਗੀ।

ਰੈਸਟੋਰੈਂਟ, ਬਾਰਜ਼, ਫੂਡ-ਡਰਿੰਕ ਵਾਲੇ ਸਥਾਨਾਂ ਉੱਤੇ ਇੰਡੋਰ ਤੇ ਆਊਟਡੋਰ ਸੇਵਾਵਾਂ ਦੀ ਮਨਾਹੀ ਹੋਵੇਗੀ ਪਰ ਇਨ੍ਹਾਂ ਥਾਂਵਾਂ ਉੱਤੇ ਡਰਾਈਵ ਥਰੂ ਜਾਂ ਟੇਕ ਆਊਟ ਦੀ ਖੁੱਲ੍ਹ ਹੋਵੇਗੀ। ਇਸ ਵਿੱਚ ਸ਼ਰਾਬ ਦੀ ਵਿੱਕਰੀ ਵੀ ਸ਼ਾਮਲ ਹੈ। ਰੀਟੇਲ ਮਾਲਜ਼ ਵਿੱਚ ਗੈਰ ਜ਼ਰੂਰੀ ਬਿਜ਼ਨਸਿਜ਼ ਲਈ ਕਰਬਸਾਈਡ ਪਿੱਕਅੱਪ ਜਾਂ ਡਲਿਵਰੀ ਹੋ ਸਕੇਗੀ ਪਰ ਵਿਅਕਤੀਗਤ ਸ਼ਾਪਿੰਗ ਦੀ ਮਨਾਹੀ ਹੋਵੇਗੀ। ਮਾਲਜ਼ ਦੇ ਅੰਦਰ ਮੌਜੂਦ ਅਸੈਂਸ਼ੀਅਲ ਬਿਜ਼ਨਸਿਜ਼ 50 ਫੀ ਸਦੀ ਸਮਰੱਥਾ ਨਾਲ ਖੋਲ੍ਹੇ ਜਾ ਸਕਣਗੇ। ਫੂਡ ਕੋਰਟਸ ਵੀ ਟੇਕ ਅਵੇਅ ਸਰਵਿਸ ਲਈ ਖੁੱਲ੍ਹੇ ਰਹਿਣਗੇ। ਇੱਕ ਲਾਈਨ ਵਿੱਚ ਖੜ੍ਹੇ ਹੋਣ ਸਮੇਂ ਦੋ ਮੀਟਰ ਦੀ ਫਿਜ਼ੀਕਲ ਡਿਸਟੈਂਸਿੰਗ ਬਣਾਈ ਰੱਖਣਾ ਜ਼ਰੂਰੀ ਹੋਵੇਗਾ।

ਇਸ ਦੌਰਾਨ ਸਾਰੇ ਜਿੰਮ ਬੰਦ ਰਹਿਣ-ਗੇ। ਸਾਰੀਆਂ ਇੰਡੋਰ ਫੈਸਿਲੀਟੀਜ਼ ਜਿਵੇਂ ਕਿ ਕੋਰਟਸ, ਪੂਲ ਤੇ ਰਿੰਕਸ ਬੰਦ ਰਹਿਣਗੇ। ਇੰਡੋਰ ਟੀਮ ਤੇ ਵਿਅਕਤੀਗਤ ਖੇਡਾਂ ਵੀ ਬੰਦ ਰਹਿਣਗੀਆਂ, ਕਮਿਊਨਿਟੀ ਸੈਂਟਰ ਤੇ ਮਲਟੀ ਪਰਪਸ ਫੈਸਿਲੀਟੀਜ਼ ਚਾਈਲਡ ਕੇਅਰ ਸੇਵਾਵਾਂ ਲਈ ਖੁੱਲ੍ਹੇ ਰਹਿ ਸਕਦੇ ਹਨ। ਆਊਟਡੋਰ ਖੇਡਾਂ, ਕਲਾਸਾਂ 10 ਵਿਅਕਤੀਆਂ ਤੱਕ ਸੀਮਤ ਕਰ ਦਿੱਤੀਆਂ ਗਈਆਂ ਹਨ।

ਮੀਟਿੰਗ ਤੇ ਈਵੈਂਟ ਸਪੇਸਿਜ਼ ਬੰਦ ਰੱਖੀਆਂ ਜਾਣਗੀਆਂ, ਮੈਂਟਲ ਹੈਲਥ ਤੇ ਅਡਿਕਸ਼ਨ ਸਪੋਰਟ ਸੇਵਾਵਾਂ 10 ਵਿਅਕਤੀਆਂ ਤੱਕ ਸੀਮਤ ਕਰ ਦਿੱਤੀਆਂ ਗਈਆਂ ਹਨ। ਡਰਾਈਵ ਇਨ ਥਿਏਟਰ-ਸਿਨੇਮਾਜ਼ ਦੀ ਇਜਾਜ਼ਤ ਹੋਵੇਗੀ। ਮੈਰੀਯੁਆਨਾ ਡਿਸਪੈਂਸਰੀਜ਼ ਵੀ ਕਰਬਸਾਈਡ ਪਿੱਕਅੱਪ ਦੀ ਪੇਸ਼ਕਸ਼ ਹੀ ਕਰ ਸਕਣਗੀਆਂ, ਵਿਅਕਤੀਗਤ ਸ਼ਾਪਿੰਗ ਨਹੀਂ ਹੋ ਸਕੇਗੀ। ਡਰਾਈਵਿੰਗ ਸਿੱਖਣ ਲਈ ਵਿਅਕਤੀਗਤ ਇੰਸਟ੍ਰਕਸ਼ਨਜ਼ ਦੀ ਇਜਾਜ਼ਤ ਨਹੀਂ ਹੋਵੇਗੀ, ਵਰਚੂਅਲ ਇੰਸਟ੍ਰਕਸ਼ਨਜ਼ ਦੀ ਇਜਾਜ਼ਤ ਹੋਵੇਗੀ। ਹੌਰਸ ਰੇਸਿੰਗ ਦੀ ਨਹੀਂ ਸਿਰਫ ਟਰੇਨਿੰਗ ਦੀ ਇਜਾਜ਼ਤ ਹੋਵੇਗੀ।

ਹਾਊਸਕੀਪਿੰਗ, ਮੇਡਜ਼, ਨੈਨੀ ਸਰਵਿਸਿਜ਼, ਬੇਬੀਸਿਟਰਜ਼, ਮੇਨਟੇਨੈਂਸ ਸੇਵਾਵਾਂ ਪਬਲਿਕ ਹੈਲਥ ਮਾਪਦੰਡਾਂ ਦੇ ਦਾਇਰੇ ਵਿੱਚ ਰਹਿ ਕੇ ਉਪਲਬਧ ਹੋਣਗੀਆਂ। ਹੋਟਲ ਤੇ ਮੋਟਲ ਖੁੱਲ੍ਹੇ ਰਹਿ ਸਕਦੇ ਹਨ ਪਰ ਪੂਲਜ਼, ਫਿੱਟਨੈੱਸ ਸੈਂਟਰ ਤੇ ਮੀਟਿੰਗ ਰੂਮਜ਼ ਬੰਦ ਰਹਿਣ-ਗੇ। ਲਾਇਬ੍ਰੇਰੀਜ਼ ਵਿੱਚ ਕਰਬਸਾਈਡ ਪਿੱਕਅੱਪ ਤੇ ਡਲਿਵਰੀ ਤੋਂ ਇਲਾਵਾ ਡੇਅਕੇਅਰ ਦੀ ਇਜਾਜ਼ਤ ਹੋਵੇਗੀ ਪਰ ਕੋਈ ਕਲਾਸਾਂ ਦੀ ਇਜਾਜ਼ਤ ਨਹੀਂ ਹੋਵੇਗੀ। ਨਾਈਟਕਲੱਬ ਵੀ ਟੇਕਆਊਟ, ਡਰਾਈਵ ਥਰੂ ਜਾਂ ਫੂਡ-ਡਰਿੰਕ ਸਰਵਿਸ ਦੀ ਡਲਿਵਰੀ ਲਈ ਖੁੱਲ੍ਹੇ ਰਹਿ ਸਕਦੇ ਹਨ।

Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca




"Your neighborhood broker, Call Paramjit Deol Today"


**Mississauga $749,000**

7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.


**Vaughan $499,000**

3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**
Photo Not Available
7885 Tranmere Dr: Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**

7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**

Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

Ferndale & Edgehill : Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.


**Oshawa $659,000**
Photo Not Available
150 Windfields Farm Dr 86: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

124 Cornwall Rd: Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

Derry And Mclaughlin: One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification





ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਪੰਜਾਬ ਵਿੱਚ ਪੌਣੇ ਦੋ ਮਹੀਨਿਆਂ ਮਗਰੋਂ ਰੇਲ ਗੱਡੀਆਂ ਦੇ ਪਹੀਏ ਸਰਕੇ



ਚੰਡੀਗੜ੍ਹ, 23 ਨਵੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਰੋਸ ਵਜੋਂ ਰੇਲਵੇ ਲਾਈਨਾਂ ਉੱਤੇ ਕਿਸਾਨਾਂ ਦੇ ਧਰਨਿਆਂ ਕਾਰਨਪੰਜਾਬ ਵਿੱਚਪਿਛਲੇ ਪੌਣੇ ਦੋ ਮਹੀਨਿਆਂ ਤੋਂ ਰੁਕੀ ਹੋਈ ਰੇਲ ਸੇਵਾ ਅੱਜ ਸੋਮਵਾਰ ਨੂੰ ਚੱਲ ਪਈ ਹੈ। ਇਸ ਦੇ ਪਹਿਲੇ ਕਦਮ ਵਜੋਂ ਅੱਜ ਅੱਜ ਮਾਲ ਗੱਡੀਆਂ ਦੀ ਆਵਾਜਾਈ ਸ਼ੁਰੂ ਹੋਈ ਤੇ ਰੁਕੇ ਹੋਏ ਕੰਟੇਨਰਾਂ ਨੂੰ ਪੰਜਾਬ ਤੋਂ ਬਾਹਰ ਭੇਜਣਾ ਸ਼ੁਰੂ ਕੀਤਾ ਗਿਆ। ਇਸ ਦੇ ਨਾਲ ਯਾਤਰੀ ਰੇਲਾਂ ਚਾਲੂ ਕਰਨ ਦਾ ਕੰਮ ਵੀ ਸ਼ੁਰੂ ਹੋ ਗਿਆ ਹੈ। ਇਹ ਪ੍ਰਕਿਰਿਆ ਬੀਤੇ ਸ਼ਨੀਵਾਰ ਪੰਜਾਬ ਦੇ ਕਿਸਾਨਆਗੂਆਂਵੱਲੋਂਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਰੇਲ ਗੱਡੀਆਂ ਚਲਾਉਣ ਲਈ ਦਿੱਤੀ ਗਈ ਸਹਿਮਤੀ ਤੋਂ ਬਾਅਦਸ਼ੁਰੂ ਹੋਈ ਹੈ, ਜਿਸ ਵਿੱਚ ਇਹ ਫੈਸਲਾ ਕੀਤਾ ਗਿਆ ਸੀ ਕਿ 23 ਨਵੰਬਰ ਤੋਂ ਪੰਜਾਬ ਵਿੱਚ ਰੇਲ ਗੱਡੀਆਂ ਚੱਲਣੀਆਂ ਸ਼ੁਰੂ ਹੋ ਜਾਣਗੀਆਂ। ਰੇਲਵੇ ਵਿਭਾਗ ਨੇ ਇਹ ਪ੍ਰਕਿਰਿਆ ਸ਼ੁਰੂ ਕਰਨ ਦੇ ਲਈ ਨੋਟੀਫ਼ਿਕੇਸ਼ਨ ਇੱਕ ਦਿਨ ਪਹਿਲਾਂ ਹੀ ਜਾਰੀ ਕਰ ਦਿੱਤਾ ਸੀ।

ਸਹਿਮਤੀ ਦੇ ਨਾਲ ਰੇਲ ਪ੍ਰਕਿਰਿਆ ਸ਼ੁਰੂ ਕਰਨ ਵਜੋਂ ਜਲੰਧਰ ਦੇ ਸਿਟੀ ਸਟੇਸ਼ਨ ਤੋਂ ਅੱਜ ਦੁਪਹਿਰ 2.05 ਵਜੇ ਪਹਿਲੀ ਮਾਲ ਗੱਡੀ ਲਗਭਗ 150 ਕੰਟੇਨਰ ਲੈ ਕੇ ਪਾਨੀਪਤ ਨੂੰ ਭੇਜੀ ਗਈ ਹੈ। ਇਸ ਤੋਂ ਪਹਿਲਾਂ ਵੱਖ-ਵੱਖ ਲਾਈਨਾਂ ਦੀ ਚੈਕਿੰਗ ਲਈ ਖਾਲੀ ਇੰਜਣ ਦੌੜਾ ਕੇ ਵੇਖੇ ਗਏ ਸਨ ਕਿ ਇਸ ਸਮੇਂ ਵਿੱਚ ਕਿਤੇ ਕੋਈ ਤਰੁਟੀ ਨਾ ਰਹਿ ਗਈ ਹੋਵੇ। ਮਾਲ ਗੱਡੀਆਂ ਚੱਲਣ ਨਾਲ ਪੰਜਾਬਦੇ ਉਦਯੋਗਾਂ ਨੂੰ ਵੱਡੀ ਰਾਹਤ ਮਿਲਣ ਲੱਗੀ ਤੇ ਬੀਤੇ 50 ਦਿਨਾਂ ਤੋਂ ਕੱਚਾ ਮਾਲ ਲਿਆਉਣ ਅਤੇ ਪੱਕੇ ਨੂੰ ਬਾਹਰ ਭੇਜਣ ਦਾ ਰੁਕਿਆ ਹੋਇਆ ਕੰਮ ਅੱਜ ਸ਼ੁਰੂ ਹੋ ਗਿਆ ਹੈ।ਇਸ ਦੌਰਾਨ ਰੇਲਵੇ ਵਿਭਾਗ ਨੇ ਫੈਸਲਾ ਕਰ ਲਿਆ ਹੈ ਕਿ ਸਭ ਤੋਂ ਪਹਿਲਾਂ ਅਮਰੀਕਾ, ਇੰਗਲੈਂਡ ਤੇ ਹੋਰ ਦੇਸ਼ਾਂ ਨੂੰ ਜਾਣ ਵਾਲੇ ਕੰਟੇਨਰ ਭੇਜੇ ਜਾਣਗੇ, ਜਿੱਥੇ ਇਸਵੇਲੇ ਕ੍ਰਿਸਮਸ ਦੇ ਕਾਰਨ ਮਾਲ ਦੀ ਮੰਗ ਬਹੁਤ ਜ਼ਿਆਦਾ ਹੈ ਤੇ ਦੇਸ਼ ਵਿਚਲੀ ਸਪਲਾਈ ਬਾਅਦ ਵਿੱਚ ਕੀਤੀ ਜਾਵੇਗੀ।

## ਤੇਜ਼-ਰਫ਼ਤਾਰ ਟਰੱਕ ਨੇ 40 ਸਾਲਾ ਔਰਤ ਨੂੰ ਕੁਚਲਿਆ

ਜਲੰਧਰ, 23 ਨਵੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੇ ਦਕੋਹਾ ਰੇਲਵੇ ਫਾਟਕ ਤੋਂਸੌ ਮੀਟਰ ਦੀ ਦੂਰੀ ’ਤੇ ਰਾਮਾ ਮੰਡੀ ਚੌਕ ਵੱਲ ਜਾਂਦੇ ਰਸਤੇ ’ਤੇ ਕੱਲ੍ਹ ਸ਼ਾਮ ਦਿੱਲੀ ਤੋਂ ਸ੍ਰੀਨਗਰ ਜਾਂਦੇ ਇੱਕ ਤੇਜ਼-ਰਫ਼ਤਾਰ ਟਰੱਕ ਨੇ ਬਾਈਕ ਸਵਾਰ 40 ਸਾਲਾ ਔਰਤ ਨੂੰ ਕੁਚਲ ਦਿੱਤਾ, ਜਿਸ ਕਾਰਨ ਉਸ ਦੀ ਮੌਕੇ ’ਤੇ ਮੌਤ ਹੋ ਗਈ। ਬਾਈਕ ਚਲਾ ਰਹੇ ਮ੍ਰਿਤਕਾ ਦੇ ਪਤੀ ਬਲਜਿੰਦਰ ਸਿੰਘ ਪਿੰਡ ਰੰਧਾਵਾ ਮਸੰਦਾਂ ਜ਼ਿਲ੍ਹਾ ਜਲੰਧਰ ਨੂੰ ਵੀ ਸੱਟਾਂ ਲੱਗੀਆਂ ਹਨ।

ਇਸ ਹਾਦਸੇ ਦੀ ਸੂਚਨਾ ਮਿਲਦੇ ਸਾਰ ਦਕੋਹਾ ਦੇ ਗਿਰਜਾ ਘਰ ਦੇ ਪਾਸਟਰ ਅਲੀਅਜ਼ਰ ਓਥੇ ਪੁੱਜੇ ਅਤੇ ਉਨ੍ਹਾਂ ਨੇ ਉਥੇ ਮੌਜੂਦ ਥਾਣਾ ਜਲੰਧਰ ਕੈਂਟ ਦੀ ਪੁਲਸ ਨੂੰ ਦੱਸਿਆ ਕਿ ਬਲਜਿੰਦਰ ਸਿੰਘ ਤੇ ਉਸ ਦੀ ਪਤਨੀ ਮਨਜੀਤ ਕੌਰ ਗਿਰਜਾ ਘਰ ’ਚ ਮੱਥਾ ਟੇਕਣ ਆਏ ਸਨ ਅਤੇ ਕਰੀਬ 4 ਵਜੇ ਗਿਰਜਾ ਘਰ ਤੋਂ ਆਪਣੇ ਘਰ ਨੂੰ ਚੱਲੇ ਸਨ। ਐਸ ਐਚ ਓ ਕੈਂਟ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਦੋਸ਼ੀ ਟਰੱਕ ਚਾਲਕ ਦੀ ਪਛਾਣ ਗੁਲਾਮ ਹਸਨ ਪੁੱਤਰ ਅਲੀ ਮੁਹੰਮਦ ਵਾਸੀ ਤੇਲਗਾਮ (ਬਾਰਾਮੂਲਾ) ਜੰਮੂ-ਕਸ਼ਮੀਰ ਵਜੋਂ ਹੋਈ ਹੈ, ਜਿਸ ਨੂੰ ਫੜ ਲਿਆ ਅਤੇ ਉਸ ਤੋਂ ਹਾਦਸੇ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ। ਅਲੀਅਜ਼ਰ ਪਾਸਟਰ ਨੇ ਦੱਸਿਆ ਕਿ ਮਨਜੀਤ ਕੌਰ ਦੀ ਹਾਦਸੇ ’ਚ ਮੌਤ ਨਾਲ ਤਿੰਨ ਬੱਚਿਆਂ (2 ਬੇਟੀਆਂ ਅਤੇ 1 ਬੇਟਾ) ਦੇ ਸਿਰ ਤੋਂ ਮਾਂ ਆਸਰਾ ਉਠ ਗਿਆ ਹੈ।








## ਘਰ ਦੀ ਛੱਤ ਡਿੱਗਣ ਨਾਲ ਬੱਚੇ ਤੇ ਬਜ਼ੁਰਗ ਔਰਤ ਦੀ ਮੌਤ

ਬਟਾਲਾ, 23 ਨਵੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਜੌੜਾ ਸਿੰਘਾ ਵਿੱਚ ਘਰ ਦੀ ਛੱਤ ਡਿੱਗਣ ਕਾਰਨ ਪੰਜ ਸਾਲਾ ਬੱਚੇ ਅਤੇ ਬਜ਼ੁਰਗ ਔਰਤ ਦੀ ਮੌਤ ਹੋ ਗਈ ਦੱਸੀ ਜਾਂਦੀ ਹੈ। ਬਲਵਿੰਦਰ ਸਿੰਘ ਦੇ ਘਰ ਉਸਾਰੀ ਦਾ ਕੰਮ ਚੱਲਦਾ ਹੋਣ ਕਰ ਕੇ ਪਰਵਾਰ ਇੱਕ ਪੁਰਾਣੇ ਕਮਰੇ ਵਿੱਚ ਰਹਿ ਰਿਹਾ ਸੀ, ਜਿਸ ਦੀ ਛੱਤ ਗਾਡਰਾਂ ਅਤੇ ਟੀਨਾਂ ਦੀ ਸੀ। ਬਲਵਿੰਦਰ ਸਿੰਘ ਦੀ ਮਾਤਾ ਮਨਜੀਤ ਕੌਰ (65) ਅਤੇ ਉਨ੍ਹਾਂ ਦੇ ਘਰ ਆਏ ਰਿਸ਼ਤੇਦਾਰ ਪੁਰਾਣੇ ਕਮਰੇ ਵਿੱਚ ਬੈਠੇ ਹੋਏ ਸਨ ਕਿ ਅਚਾਨਕ ਛੱਤ ਡਿੱਗ ਪਈ,ਜਿਸ ਨਾਲ ਮਨਜੀਤ ਕੌਰ ਦੀ ਮੌਕੇ ’ਤੇ ਮੌਤ ਹੋ ਗਈ ਅਤੇ ਬਲਵਿੰਦਰ ਸਿੰਘ ਦੇ ਸਾਲੇ ਦਾ ਪੰਜ ਸਾਲਾ ਲੜਕਾ ਕਰਨ ਸਿੰਘ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਬਟਾਲੇ ਦੇ ਇੱਕ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਇਸ ਹਾਦਸੇ ’ਚ ਬਲਵਿੰਦਰ ਸਿੰਘ ਵੀ ਜ਼ਖਮੀ ਹੋ ਗਿਆ।ਪਿੰਡ ਵਾਸੀਆਂ ਨੇ ਮਲਬੇ ਹੇਠਾਂ ਦੱਬੇ ਪਰਵਾਰ ਨੂੰ ਬਾਹਰ ਕੱਢਿਆ। ਥਾਣਾ ਕਿਲਾ ਲਾਲ ਸਿੰਘ ਦੇ ਐਸ ਐਚ ਓ ਰਣਜੋਧ ਸਿੰਘ ਮੌਕੇ ’ਤੇ ਪੁੱਜੇ।




ਬਹੁਤ ਹੀ ਸੋਹਣਾ ਤੇ ਸਾਫ ਸੁਥਰਾ 3 ਬੈਡਰੂਮ ਦਾ ਟਾਊਨਹਾਊਸ

Gorgeous End Unit Home Fully Loaded Open Concept, Absolutely Freehold, 9Ft Ceiling On Main!! Just 4 Years Old Feels Like A Semi Detached Home Built In 2016, Double Car Garage, Stainless Steel Top Of The Line Appliances, No Sidewalk, Huge Driveway Can Fit 4 Cars, Spacious Living Room With High Ceiling & Pot Lights, Master Bdrm With Ensuite 4Pc Bath, Must Visit House, Very Co-Operative Neighbourhood, House Located At New Subdivision In Very Fast Growing Area.




3+1 ਬੈਡਰੂਮ ਦਾ ਸੇਮੀ ਡੀਟੈਚਡ ਘਰ ਅਤੇ ਫਿਨੀਸ਼ਡ ਬੇਸਮੈਂਟ


Amazing Opportunity! Fantastic 3 Bdrms & 2 Wshrms Semi Detached House With Rec Rm In Finished Basement, High Demand Location In Springdale Brampton On Wide Street, Great Room Offers Walk-Out To Deck. Hardwood Flooring On Main Level, Laminate On 2nd Level. Master Bdrm Equipped W/Ensuite Bath. Very Good Opportunity For First Time Home Buyers Or Investors.Close To Schools, Transit, Parks. Deck At The Back With Fenced Backyard, Separate Side Door To Garage.




ਸ਼ਾਨਦਾਰ 3+1 ਬੈਡਰੂਮ ਡਬਲ ਸਟੋਰੀ ਟਾਊਨਹਾਊਸ ਅਤੇ ਫਿਨੀਸ਼ਡ ਬੇਸਮੈਂਟ

Amazing Chance To Own A Fabulous Lakelands Model By Rose-Haven Built Beautiful Absolutely Freehold 2 Story Townhouse With 3+1 Bdrms And 4 Wshrms, This House Has Almost 2050 Sqft Living Space, Oak Hardwood On Main Floor, Master Bdrm W/ Ensuite & Walk-In Closet, One Rec Rm, Wshrm, And Cold Cellar In The Basement Finished By The Builder. Very Well Kept House Situated At Very Nice And Quiet Location Of Northwest Brampton. Close To Mount Pleasant Go Station






ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕਿਸਾਨ ਆਗੂਆਂ ਨੇ ਕਿਹਾ: 26-27 ਨਵੰਬਰ ਦੇ 'ਦਿੱਲੀ ਚੱਲੋ' ਪ੍ਰੋਗਰਾਮ ਵਿੱਚ ਕੋਈ ਤਬਦੀਲੀ ਨਹੀਂ

## * ਦਿੱਲੀ ਗੁਰਦੁਆਰਾ ਕਮੇਟੀ ਕਿਸਾਨਾਂ ਲਈ ਲੰਗਰ ਦੀ ਸੇਵਾ ਕਰੇਗੀ



ਚੰਡੀਗੜ੍ਹ, 23 ਨਵੰਬਰ, (ਪੋਸਟ ਬਿਊਰੋ)- ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ (ਏ ਆਈ ਕੇ ਐੱਸ ਸੀ) ਨੇ ਭਾਰਤ ਦੇ ਕਿਸਾਨਾਂ ਨੂੰ ਸੰਦੇਸ਼ ਦਿੱਤਾ ਹੈ ਕਿ 'ਦਿੱਲੀ ਚੱਲੋ' ਦਾ ਪਹਿਲਾਂ ਤੈਅ ਕੀਤਾ ਹੋਇਆ ਸਾਂਝਾ ਅੰਦੋਲਨ ਪ੍ਰੋਗਰਾਮ 26-27 ਨਵੰਬਰ ਅਤੇ ਇਸ ਤੋਂ ਬਾਅਦ ਬਾਰੇ ਵੀ ਪਹਿਲੀ ਯੋਜਨਾ ਦੇ ਅਨੁਸਾਰ ਜਾਰੀ ਹੈ ਤੇ ਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ। ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਕਿਸਾਨ-ਵਿਰੋਧੀ ਤੇ ਲੋਕ-ਵਿਰੋਧੀ ਕਾਨੂੰਨਾਂ ਨੂੰ ਰੱਦ ਕਰਨਲਈ ਸਾਂਝਾ ਅੰਦੋਲਨ ਕੇਂਦਰੀ ਸਰਕਾਰ ਨੂੰ ਚਿੰਤਾ ਲਾ ਰਿਹਾ ਹੈ। ਕਿਸਾਨ ਆਗੂਆਂ ਮੁਤਾਬਕ ਕੇਂਦਰੀ ਏਜੰਸੀਆਂ ਤੇ ਦਿੱਲੀ ਪੁਲਿਸ ਆਦਿ ਕਿਸਾਨ ਅੰਦੋਲਨ ਦੇ ਪ੍ਰੋਗਰਾਮ ਨੂੰ ਅਸਫਲ ਬਣਾਉਣ ਲਈ ਕੰਮ ਕਰ ਰਹੀਆਂ ਹਨ।

ਏ ਆਈ ਕੇ ਐੱਸ ਸੀ ਨੇ ਕਿਸਾਨਾਂ ਨੂੰ ਅਪੀਲ ਕੀਤੀਹੈ ਕਿ ਉਹ ਕਿਸੇ ਗਲਤ ਜਾਣਕਾਰੀ ਅਤੇ ਅਫਵਾਹਾਂ ਕਾਰਨ ਗੁੰਮਰਾਹ ਨਾ ਹੋਣ ਜਾਂ ਭੁਲੇਖੇ ਵਿੱਚ ਨਾ ਪੈਣ। ਏਆਈਕੇਐੱਸਸੀ ਸਮੇਤ ਪ੍ਰੋਗਰਾਮ ਵਿੱਚ ਸ਼ਾਮਲ ਸਾਰੀਆਂ ਫੈਡਰੇਸ਼ਨਾਂ ਅਤੇ ਯੂਨੀਅਨਾਂ ਇਸ ਵਕਤ'ਦਿੱਲੀ ਚੱਲੋ' ਪ੍ਰੋਗਰਾਮ ਕਾਮਯਾਬ ਕਰਨ ਲਈ ਪੂਰੇ ਯਤਨ ਕਰ ਰਹੀਆਂ ਹਨ।

ਇਸ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਐਲਾਨ ਕੀਤਾ ਹੈ ਕਿ ਕੇਂਦਰ ਸਰਕਾਰ ਦੇ ਕਾਲੇ ਕਾਨੂੰਨਾਂ ਦੇ ਖਿਲਾਫ ਦਿੱਲੀ ਵਿੱਚ ਰੋਸ ਪ੍ਰਦਰਸ਼ਨ ਕਰਨ ਲਈ ਆ ਰਹੇ ਕਿਸਾਨਾਂ ਵੱਲੋਂ ਰਾਸ਼ਨ ਇਕੱਠਾ ਕਰਨ ਦੀਆਂ ਰਿਪੋਰਟਾਂ ਉਨ੍ਹਾਂ ਨੇ ਵੇਖੀਆਂ ਹਨ, ਪਰ ਉਹ ਦਿੱਲੀ ਆ ਰਹੇ ਸਭ ਕਿਸਾਨਾਂ ਨੂੰ ਅਪੀਲ ਕਰਦੇ ਹਨ ਕਿ ਉਹ ਲੰਗਰ ਜਾਂ ਰਾਸ਼ਨ ਪਾਣੀ ਦੀ ਚਿੰਤਾ ਨਾ ਕਰਨ, ਜਿੰਨੇ ਦਿਨ ਕਿਸਾਨ ਦਿੱਲੀ ਰੁਕਣਗੇ, ਉਨ੍ਹਾਂ ਲਈ ਲੰਗਰ ਤੇ ਹੋਰ ਜ਼ਰੂਰੀ ਵਸਤਾਂ ਦਾ ਪ੍ਰਬੰਧ ਦਿੱਲੀ ਗੁਰਦੁਆਰਾ ਕਮੇਟੀ ਕਰੇਗੀ। ਸਿਰਸਾ ਨੇ ਕਿਹਾ ਕਿ ਇਸ ਦੇਸ਼ ਦੇ ਕਿਸਾਨਾਂ ਦੀ ਲੜਾਈ ਸਾਡੀ ਲੜਾਈ ਹੈ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਗੁਰਦੁਆਰਾ ਕਮੇਟੀ ਅਤੇ ਪਾਰਟੀ ਦੀ ਦਿੱਲੀ ਯੂਨਿਟ ਦੀ ਡਿਊਟੀ ਲਾਈ ਹੈ ਕਿ ਦਿੱਲੀ ਵਿੱਚ ਕਿਸਾਨਾਂ ਦੇ ਲੰਗਰ ਆਦਿ ਦਾ ਪ੍ਰਬੰਧ ਉਹ ਕਰਨ। ਉਨ੍ਹਾਂ ਕਿਹਾ ਕਿ ਅਸੀਂ ਕਿਸਾਨਾਂ ਦਾ ਸਵਾਗਤ ਕਰਦੇ ਹੋਏ ਅਪੀਲ ਕਰਦੇ ਹਾਂ ਕਿ ਉਹ ਬੇਫਿਕਰ ਹੋ ਕੇ ਦਿੱਲੀ ਆਉਣ ਅਤੇ ਜਿੰਨੇ ਵੀ ਦਿਨ ਉਨ੍ਹਾਂ ਨੂੰ ਲੰਗਰ-ਪਾਣੀ ਦੀ ਲੋੜ ਹੋਵੇ, ਦਿੱਲੀ ਗੁਰਦੁਆਰਾ ਕਮੇਟੀ ਸੰਗਤਾਂ ਦੀ ਸੇਵਾ ਕਰੇਗੀ।

# ਡੇਰਾ ਪ੍ਰੇਮੀ ਦੇ ਕਤਲ ਦਾ ਜ਼ਿੰਮਾ ਲੈਣ ਵਾਲੇ ਗੈਂਗਸਟਰ ਦਾ ਫੇਸਬੁੱਕ ਅਕਾਊਂਟ ਡਿਲੀਟ

ਬਠਿੰਡਾ, 23 ਨਵੰਬਰ, (ਪੋਸਟ ਬਿਊਰੋ)- ਤਿੰਨ ਦਿਨ ਪਹਿਲਾਂ ਬਠਿੰਡਾ ਜ਼ਿਲੇ ਦੇਭਗਤਾ ਭਾਈਕਾ ਵਿੱਚ ਡੇਰਾ ਸੱਚਾ ਸੌਦਾ ਦੇ ਪ੍ਰੇਮੀ ਮਨੋਹਰ ਲਾਲ ਦੇ ਕਤਲ ਦੀ ਜ਼ਿੰਮੇਵਾਰੀ ਲੈਣ ਵਾਲੇ ਸੁੱਖਾ ਗਿੱਲ ਲੰਮੇ ਦਾ ਫੇਸਬੁੱਕ ਅਕਾਊਂਟਡਿਲੀਟ ਕਰ ਦਿੱਤਾ ਗਿਆ ਹੈ, ਪਰ ਇਹਅਕਾਊਂਟ ਕਿਸ ਨੇ ਡਿਲੀਟ ਕੀਤਾ, ਇਸ ਦਾ ਪਤਾ ਨਹੀਂ ਲੱਗ ਰਿਹਾ।

ਇਸ ਵਕਤ ਪੰਜਾਬ ਵਿੱਚ ਸਰਗਰਮ ਦਵਿੰਦਰ ਬੰਬੀਹਾ, ਲਾਰੈਂਸ ਬਿਸ਼ਨੋਈ, ਵਿੱਕੀ ਗੌਂਡਰ ਸਣੇਕਈ ਗੈਂਗਸਟਰ ਗਰੁੱਪਾਂ ਦੇ ਫੇਸਬੁੱਕ ਅਕਾਊਂਟਅਤੇ ਪੇਜ ਚੱਲ ਰਹੇ ਹਨ, ਜਿਨ੍ਹਾਂ ਤੋਂ ਇਹ ਇਕ-ਦੂਜੇ ਨੂੰ ਧਮਕੀਆਂ ਦੇਂਦੇ ਹਨ। ਦਵਿੰਦਰ ਬੰਬੀਹਾ ਗਰੁੱਪ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਜਾਨੋਂ ਮਾਰਨ ਦੀ ਧਮਕੀਬੀਤੀ 24 ਅਕਤੂਬਰ ਨੂੰ ਫੇਸਬੁੱਕ ਤੋਂ ਹੀ ਦਿੱਤੀ ਸੀ। ਵਿੱਕੀ ਗੌਂਡਰ ਗਰੁੱਪ ਵੀ ਹਥਿਆਰਾਂ ਵਾਲੀਆਂ ਪੋਸਟਾਂ ਪਾ ਰਿਹਾ ਹੈ, ਜਿਨ੍ਹਾਂ ਉੱਤੇਹਜ਼ਾਰਾਂ ਨੌਜਵਾਨ ਕੁਮੈਂਟ ਪਾ ਰਹੇ ਹਨ। ਇਸ ਗਰੁੱਪ ਨੇ ਇਕ ਪੋਸਟ ਵਿੱਚ ਕਿਹਾ ਹੈ ਕਿ 'ਸਾਰੇ ਵੀਰਾਂ ਭੈਣਾਂ ਨੂੰ ਦੱਸ ਦੇਈਏ ਕਿ ਜਦੋਂ ਮੌਕੇ ਮਿਲਿਆ, ਓਦੋਂ ਸੋਧਾ ਲੱਗੇਗਾਗੱਦਾਰ, ਠੱਗ ਅਤੇ ਪੰਥ ਦੋਖੀਆਂ ਨੂੰ।' ਪੁਲਿਸ ਮੁਕਾਬਲੇ ਵਿੱਚ ਮਾਰੇ ਗਏ ਗੈਂਗਸਟਰ ਸ਼ੇਰਾ ਖੁੱਬਣ ਦੇ ਨਾਂਅ ਉੱਤੇ ਵੀ ਕਈ ਫੇਸਬੁੱਕ ਅਕਾਊਂਟ ਚੱਲਦੇ ਹਨ, ਜਿਨ੍ਹਾਂ ਨਾਲ ਸੈਂਕੜੇ ਨੌਜਵਾਨ ਜੁੜੇ ਹੋਏ ਹਨ।

ਵਰਨਣ ਯੋਗ ਹੈ ਕਿ ਪੰਜਾਬ ਪੁਲਿਸ ਨੇ ਕੁਝ ਸਮਾਂ ਪਹਿਲਾਂ ਸੋਸ਼ਲ ਮੀਡੀਆ ਉੱਤੇਹਥਿਆਰਾਂ ਨਾਲ ਫੋਟੋਅਪਲੋਡ ਕਰਨ ਵਾਲਿਆਂ ਦੇ ਖ਼ਿਲਾਫ਼ ਮੁਹਿੰਮ ਚਲਾਈਤੇ ਕਈ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤੇ ਸਨ, ਜਿਸ ਨਾਲ ਏਦਾਂ ਦੀ ਮੁਹਿੰਮ ਕੁਝ ਮੱਠੀ ਪੈ ਗਈ ਸੀ।ਗੈਂਗਸਟਰ ਗਰੁੱਪਾਂ ਵੱਲੋਂ ਪਿਛਲੇ ਕੁਝ ਸਮੇਂ ਤੋਂ ਖਾਲਿਸਤਾਨ ਦੇ ਹੱਕ ਵਿੱਚਪੋਸਟਾਂ ਪਾਏ ਜਾਣ ਦਾ ਸਿਲਸਿਲਾ ਵੀ ਚੱਲ ਰਿਹਾ ਹੈ। ਕਈ ਗੈਂਗਸਟਰ ਜੇਲ੍ਹਾਂ ਵਿੱਚ ਗਰਮ ਖਿਆਲੀਆਂ ਨਾਲ ਮਿਲਣਪਿੱਛੋਂ ਗੁਰਸਿੱਖ ਬਣ ਚੁੱਕੇ ਹਨ। ਭਗਤਾ ਭਾਈਕਾ ਵਿੱਚ ਡੇਰਾ ਪ੍ਰੇਮੀ ਦੇ ਕਤਲ ਨੂੰ ਮਾਰਨ ਵਾਲੇ ਗੈਂਗਸਟਰ ਸੁੱਖਾ ਲੰਮੇ ਨੇ ਜ਼ਿੰਮੇਵਾਰੀ ਲੈਣ ਦੀ ਪੋਸਟ ਪਾਉਣ ਤੋਂ ਕੁਝ ਮਿੰਟ ਪਿੱਛੋਂ ਆਪਣੀ ਫੇਸਬੁੱਕ ਉੱਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਭਾਸ਼ਣ ਦੀ ਇੱਕ ਵੀਡੀਓ ਵੀ ਅਪਲੋਡ ਕਰ ਦਿੱਤੀ ਸੀ। ਦੱਸਿਆ ਗਿਆ ਹੈ ਕਿ ਜੇਲ੍ਹ ਵਿੱਚ ਗਰਮ ਖਿਆਲੀਆਂ ਨਾਲ ਮਿਲਣ ਮਗਰੋਂਸੁੱਖਾ ਲੰਮੇ ਵੀ ਗੁਰਸਿੱਖ ਬਣ ਗਿਆ ਸੀ। ਗੈਂਗਸਟਰ ਗੁਰਪ੍ਰੀਤ ਸਿੰਘ ਸੇਖੋਂ ਵੀ ਗੁਰਸਿੱਖੀ ਧਾਰਨ ਕਰ ਚੁੱਕਾ ਦੱਸਿਆ ਜਾਂਦਾ ਹੈ ਅਤੇ ਉਸ ਦੇ ਫੇਸਬੁੱਕ ਪੇਜ ਉੱਤੇ ਖ਼ਾਲਿਸਤਾਨ ਪੱਖੀ ਪੋਸਟਾਂ ਪਾਈਆਂ ਜਾ ਰਹੀਆਂ ਹਨ।

# ਅਸਾਮ ਦੇ ਸਾਬਕਾ ਮੁੱਖ ਮੰਤਰੀ ਤਰੁਣ ਗੋਗੋਈ ਦਾ ਦੇਹਾਂਤ



ਗੁਹਾਟੀ, 23 ਨਵੰਬਰ, (ਪੋਸਟ ਬਿਊਰੋ)- ਅਸਾਮ ਦੇ ਲਗਾਤਾਰ ਤਿੰਨ ਵਾਰੀਆਂ ਦੇ ਸਾਬਕਾ ਮੁੱਖ ਮੰਤਰੀ ਤਰੁਣ ਗੋਗੋਈ ਦਾ ਅੱਜ ਸੋਮਵਾਰ ਸ਼ਾਮ ਦਿਹਾਂਤ ਹੋ ਗਿਆ। ਉਹ ਕਰੀਬ 86 ਸਾਲ ਦੇ ਸਨ। ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਦੀ ਸਿਹਤ ਬੜੀ ਨਾਜ਼ੁਕ ਬਣੀ ਹੋਈ ਸੀ ਅਤੇ ਉਨ੍ਹਾਂ ਦੇ ਸਰੀਰ ਦੇ ਕਈ ਅੰਗਾਂ ਵੱਲੋਂ ਕੰਮ ਕਰਨਾ ਬੰਦ ਕਰਨ ਕਰ ਕੇ ਉਨ੍ਹਾਂ ਨੂੰ ਵੈਂਟੀਲੇਟਰ ਉੱਤੇ ਰੱਖਿਆ ਗਿਆ ਹੈ। ਗੋਗੋਈ ਦਾ ਇਲਾਜ ਗੁਹਾਟੀ ਮੈਡੀਕਲ ਕਾਲਜ ਹਸਪਤਾਲ ਵਿੱਚ ਚੱਲ ਰਿਹਾ ਸੀ।

ਮੈਡੀਕਲ ਕਾਲਜ ਦੇ ਪ੍ਰਿੰਸੀਪਲ ਅਭਿਜੀਤ ਸ਼ਰਮਾ ਦੇ ਮੁਤਾਬਕਸੀਨੀਅਰ ਕਾਂਗਰਸ ਨੇਤਾ ਅਤੇ ਅਸਾਮ ਦੇ ਸਾਬਕਾ ਮੁੱਖ ਮੰਤਰੀ ਗੋਗੋਈ ਦੀ ਦੇਖਭਾਲ ਨੌਂ ਡਾਕਟਰਾਂ ਦੀ ਟੀਮ ਕਰ ਰਹੀ ਸੀ, ਪਰ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਤਰੁਣ ਗੋਗੋਈ ਨੇ ਅੱਜ ਸ਼ਾਮ 5.30 ਵਜੇ ਦੇ ਕਰੀਬ ਆਖਰੀ ਸਾਹ ਲਿਆ। ਉਹ ਬੀਤੀ 2 ਨਵੰਬਰ ਤੋਂ ਹਸਪਤਾਲ ਦਾਖ਼ਲ ਸਨ ਤੇ ਸ਼ਨੀਵਾਰ ਨੂੰ ਹਾਲਤ ਵਿਗੜਨ ਕਾਰਨ ਉਨ੍ਹਾਂ ਨੂੰ ਵੈਂਟੀਲੇਟਰ ਉੱਤੇ ਸ਼ਿਫਟ ਕੀਤਾ ਗਿਆ ਸੀ। ਬੀਤੀ 25 ਅਗਸਤ ਨੂੰ ਤਰੁਣ ਗੋਗੋਈ ਨੂੰ ਕੋਰੋਨਾ ਵਾਇਰਸ ਹੋਇਆ ਸੀ ਅਤੇ ਅਗਲੇ ਹੀ ਦਿਨ ਗੁਹਾਟੀ ਮੈਡੀਕਲ ਕਾਲਜ ਹਸਪਤਾਲਦਾਖ਼ਲ ਕਰਵਾਇਆ ਗਿਆ ਸੀ। ਕੋਰੋਨਾ ਦੇ ਇਲਾਜ ਲਈ ਉਨ੍ਹਾਂ ਨੂੰ 2 ਮਹੀਨੇ ਹਸਪਤਾਲਰੱਖਣ ਪਿੱਛੋਂ 25 ਅਕਤੂਬਰ ਨੂੰ ਛੁੱਟੀ ਦੇ ਦਿੱਤੀ ਗਈ ਸੀ, ਪਰ ਫਿਰ ਹਾਲਤ ਗੰਭੀਰ ਹੋਣ ਕਾਰਨ ਹਸਪਤਾਲ ਦਾਖਲ ਕਰਨਾ ਪਿਆ ਸੀ।

11 ਅਕਤੂਬਰ 1934 ਨੂੰ ਜਨਮ ਲੈਣ ਵਾਲੇ ਤਰੁਣ ਗੋਗੋਈ ਸਾਲ 2001 ਤੋਂ 2016 ਤੱਕ ਅਸਾਮ ਰਾਜ ਦੇ ਮੁੱਖ ਮੰਤਰੀ ਰਹੇ ਸਨ। ਉਨ੍ਹਾਂ ਦੀ ਅਗਵਾਈ ਹੇਠ ਕਾਂਗਰਸ ਨੇ ਲਗਾਤਾਰ ਤਿੰਨ ਵਿਧਾਨ ਸਭਾ ਚੋਣਾਂਜਿੱਤੀਆਂ ਸਨ ਅਤੇ ਅਸਾਮ ਦੇਸਭ ਤੋਂ ਲੰਬੇ ਸਮੇਂ ਤੱਕ ਮੁੱਖ ਮੰਤਰੀ ਰਹਿਣ ਦਾ ਰਿਕਾਰਡ ਉਨ੍ਹਾਂ ਦੇ ਨਾਮ ਹੈ। ਉਹ ਪੰਜ ਵਾਰ ਪਾਰਲੀਮੈਂਟ ਦੇ ਮੈਂਬਰ ਵੀ ਚੁਣੇ ਗਏ ਸਨ ਅਤੇ ਲੋਕਾਂ ਵਿੱਚ ਕਾਫੀ ਹਰਮਨ ਪਿਆਰੇ ਗਿਣੇ ਜਾਂਦੇ ਸਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

MARVES HARDWOOD FLOORING
Services:
Fence - Hardwood Flooring
Stairs - Small Renovation
John
416-787-6551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ


BEST CANADIAN TRUCK & FORKLIFT TRAINING CENTRE
BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਧਰਮ-ਨਿਰਪੱਖ ਵਿਰਾਸਤ ਦੇ ਖਤਰੇ ਵਕਤ 'ਜਿਨਹੇਂ ਨਾਜ਼ ਹੈ ਹਿੰਦ ਪਰ, ਵੋ ਕਹਾਂ ਹੈਂ, ਕਹਾਂ ਹੈਂ ...



ਜਤਿੰਦਰ ਪੰਨੂ

ਭਾਰਤ ਦੀ ਰਾਜਨੀਤੀ ਉਸ ਲੀਹ ਤੋਂ ਲੱਥ ਚੁੱਕੀ ਹੈ, ਜਿਹੜੀ ਇਸ ਨੇ ਆਜ਼ਾਦੀ ਸੰਘਰਸ਼ ਦੌਰਾਨ ਕਈ ਨੁਕਸਾਂ ਦੇ ਬਾਵਜੂਦ ਲੰਮਾ ਸਮਾਂ ਫੜੀ ਰੱਖੀ ਸੀ। ਇਹ ਲੀਹ ਧਰਮ-ਨਿਰਪੱਖਤਾ ਦੀ ਸੀ। ਅੰਗਰੇਜ਼ੀ ਰਾਜ ਅੱਗੇ ਬੁਰੀ ਤਰ੍ਹਾਂ ਝੁਕੇ ਹੋਏ ਇਸ ਦੇਸ਼ ਅੰਦਰ ਆਜ਼ਾਦੀ ਲਹਿਰ ਦੌਰਾਨ ਜਿਸ ਧਰਮ-ਨਿਰਪੱਖਤਾ ਅਤੇ ਕੌਮੀ ਭਾਵਨਾ ਦੀ ਲੋੜ ਸੀ, ਉਸ ਦਾ ਪ੍ਰਗਟਾਵਾ ਸ਼ਾਇਰ ਇਕਬਾਲ ਨੇ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ' ਵਿੱਚ ਇਨ੍ਹਾਂ ਸ਼ਬਦਾਂ ਨਾਲ ਕੀਤਾ ਸੀ: 'ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ, ਹਿੰਦੀ ਹੈਂ ਹਮ ਵਤਨ ਹੈ ਹਿੰਦੁਸਤਾਂ ਹਮਾਰਾ'। ਇਹ ਵੱਖਰੀ ਗੱਲ ਹੈ ਕਿ ਬਾਅਦ ਵਿੱਚ ਉਹ ਵੀ ਫਿਰਕੇਦਾਰੀ ਦੀ ਪਾਣ ਚੜ੍ਹਨ ਪਿੱਛੋਂ ਵੱਖਰੇ ਇਸਲਾਮੀ ਦੇਸ਼ ਦੀ ਮੰਗ ਕਰਨ ਲੱਗ ਪਿਆ ਤੇ ਉਸ ਵਕਤ ਉਸ ਨੇ 'ਚੀਨ-ਓ-ਅਰਬ ਹਮਾਰਾ, ਹਿੰਦੁਸਤਾਂ ਹਮਾਰਾ, ਮੁਸਲਿਮ ਹੈਂ ਹਮ ਵਤਨ ਹੈ ਸਾਰਾ ਜਹਾਂ ਹਮਾਰਾ' ਲਿਖ ਦਿੱਤਾ ਸੀ, ਪਰ ਭਾਰਤ ਦੀ ਆਜ਼ਾਦੀ ਲਹਿਰ ਦੀ ਕੇਂਦਰੀ ਲੀਹ ਧਰਮ-ਨਿਰਪੱਖਤਾ ਰਹੀ ਸੀ। ਦੇਸ਼ ਆਜ਼ਾਦ ਹੋਣ ਪਿੱਛੋਂ ਵੀ ਇਸ ਦੀ ਵਾਗ ਉਨ੍ਹਾਂ ਲੋਕਾਂ ਹੱਥ ਆਈ ਸੀ, ਜਿਹੜੇ ਧਰਮ-ਨਿਰਪੱਖ ਸਨ। ਜਵਾਹਰ ਲਾਲ ਨਹਿਰੂ ਦੇ ਨਾਲ ਬੇਸ਼ੱਕ 'ਪੰਡਿਤ' ਲਿਖਿਆ-ਬੋਲਿਆ ਜਾਂਦਾ ਸੀ, ਪਰ ਉਹ ਗਿਆਨ ਦਾ ਪੰਡਿਤ ਸੀ, ਧਰਮ ਦੇ ਪੱਖੋਂ ਓਹੋ ਜਿਹਾ ਪੰਡਿਤ ਕਦੇ ਨਹੀਂ ਬਣਿਆ, ਜਿਹੜਾ ਸਿਰਫ ਆਪਣੇ ਧਰਮ ਨੂੰ ਉੱਚਾ ਅਤੇ ਹੋਰਨਾਂ ਨੂੰ ਨੀਂਵਾਂ ਮੰਨਦਾ ਹੋਵੇ। ਉਸ ਨਾਲ ਜੁੜੇ ਹੋਰ ਵੱਡੇ ਆਗੂਆਂ ਵਿੱਚ ਮੌਲਾਨਾ ਅਬੁਲ ਕਲਾਮ ਆਜ਼ਾਦ ਵੀ ਸ਼ਾਮਲ ਸੀ, ਜਿਸ ਦੇ ਨਾਂਅ ਨਾਲ 'ਮੌਲਾਨਾ' ਜੁੜਿਆ ਹੋਣ ਦੇ ਬਾਵਜੂਦ ਆਪਣੇ ਧਰਮ ਦੇ ਹੋਰ ਮੌਲਾਣਿਆਂ ਵਾਂਗ ਧਰਮ ਦੇ ਨਾਂਅ ਉੱਤੇ ਵੱਖਰੇ ਦੇਸ਼ ਦੀ ਧਾਰਨਾ ਨਾਲ ਜੁੜਨ ਦੀ ਥਾਂ ਇਸ ਸੋਚ ਦੇ ਵਿਰੋਧ ਵਿੱਚ ਆਖਰ ਤੱਕ ਡਟਿਆ ਰਿਹਾ ਸੀ। ਉਸ ਨੇ ਕਿਹਾ ਸੀ ਕਿ ਇਸ ਦੇਸ਼ ਦੇ ਸੱਭਿਆਚਾਰ ਦੀ ਗੰਗਾ-ਜਮਨੀ ਤਹਿਜ਼ੀਬ ਏਥੇ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੀ ਸਾਂਝ ਦੇ ਕਾਰਨ ਹੈ, ਅਸੀਂ ਇਸ ਨੂੰ ਛੱਡਣ ਬਾਰੇ ਸੋਚ ਵੀ ਨਹੀਂ ਸਕਦੇ। ਇਹ ਆਜ਼ਾਦੀ ਲਹਿਰ ਦੀ ਵਿਰਾਸਤ ਦਾ ਨਤੀਜਾ ਸੀ ਕਿ ਆਜ਼ਾਦ ਦੇਸ਼ ਦੇ ਮੁੱਢਲੇ ਆਗੂ ਧਰਮ-ਨਿਰਪੱਖ ਹੋਣ ਦੀ ਇਸ ਉੱਚ ਪੱਧਰੀ ਸੋਚ ਤੱਕ ਪਹੁੰਚੇ ਹੋਏ ਸਨ ਅਤੇ ਜ਼ਰਾ ਜਿੰਨੀ ਡਾਵਾਂਡੋਲਤਾ ਨਹੀਂ ਸੀ ਵਿਖਾਉਂਦੇ। ਅਫਸੋਸ ਕਿ ਜਿਸ ਪਾਰਟੀ ਦੇ ਮੁੱਢਲੇ ਆਗੂ ਏਨੀ ਉੱਚੀ ਸੋਚ ਵਾਲੇ ਸਨ, ਉਸ ਦੀ ਅਗਲੀ ਪੀੜ੍ਹੀ ਨੇ ਭਾਰਤ ਨੂੰ ਕੁਰਾਹੇ ਪਾ ਛੱਡਿਆ।

ਅੱਜ ਦੇ ਭਾਰਤ ਦੀ ਲੀਡਰਸ਼ਿਪ ਇਹ ਸੋਚਣ ਉੱਤੇ ਮਗਜ਼-ਪੱਚੀ ਕਰਨਾ ਫਜ਼ੂਲ ਸਮਝਣ ਲੱਗੀ ਹੈ ਕਿ ਇਸ ਦੇਸ਼ ਵਿੱਚ ਸਾਰੇ ਲੋਕ ਬਰਾਬਰ ਹੋਣੇ ਚਾਹੀਦੇ ਹਨ। ਇੱਕ ਧਰਮ ਦੇ ਬੋਲ-ਬਾਲੇ ਵਾਲਾ ਰਾਜ ਕਿਹੋ ਜਿਹਾ ਹੋ ਸਕਦਾ ਹੈ, ਏਦਾਂ ਦੇ ਸਵਾਲ ਪੁੱਛਣਾ ਅੱਜ ਬੇਲੋੜਾ ਹੁੰਦਾ ਜਾਂਦਾ ਹੈ। ਰਾਜ-ਦਰਬਾਰ ਅਤੇ ਪ੍ਰਸ਼ਾਸਨ ਹੀ ਨਹੀਂ, ਅਦਾਲਤੀ ਫੈਸਲਿਆਂ ਤੱਕ ਇਹੀ ਝਲਕ ਦਿਖਾਈ ਦੇਂਦੀ ਹੈ। ਅਸੀਂ ਅਮਰੀਕਾ ਵਰਗੇ ਦੇਸ਼ਾਂ ਬਾਰੇ ਇਹ ਪੜ੍ਹ ਕੇ ਹੈਰਾਨ ਹੁੰਦੇ ਰਹੇ ਸਾਂ ਕਿ ਓਥੇ ਇੱਕੋ ਕਸੂਰ ਬਦਲੇ ਗੋਰੇ ਨੂੰ ਘੱਟ ਸਜ਼ਾ ਅਤੇ ਗੈਰ-ਗੋਰੇ ਨੂੰ ਵੱਧ ਸਜ਼ਾ ਦਿੱਤੀ ਜਾਣ ਦੀਆਂ ਰਿਪੋਰਟ ਹਨ ਤੇ ਪੁਲਸ ਪੜਤਾਲ ਵਿੱਚ ਵੀ ਇਹੋ ਕੁਝ ਹੋਈ ਜਾਂਦਾ ਹੈ। ਅੱਜ ਭਾਰਤ ਵਿੱਚ ਵੀ ਇਹੋ ਕੁਝ ਹੁੰਦਾ ਦਿੱਸ ਰਿਹਾ ਹੈ। ਪੁਲਸ ਜਾਂਚ ਤੋਂ ਅਦਾਲਤੀ ਫੈਸਲਿਆਂ ਤੱਕ ਕੇਂਦਰ ਦੇ ਹਾਕਮਾਂ ਦੀ ਧਰਮ-ਧਾਰਨਾ ਵਾਲੇ ਲੋਕਾਂ ਅਤੇ ਇਸ ਧਾਰਨਾ ਦਾ ਵਿਰੋਧ ਕਰਨ ਵਾਲੇ ਲੋਕਾਂ ਲਈ ਵਖਰੇਵਾਂ ਸਾਫ ਨਜ਼ਰ ਆਉਣ ਲੱਗ ਪਿਆ ਹੈ। ਰਾਜਨੀਤੀ ਦਾ ਇਹ ਰੰਗ ਭਾਰਤੀ ਸਮਾਜ ਉੱਤੇ ਜਿਸ ਹੱਦ ਤੱਕ ਚੜ੍ਹ ਚੁੱਕਾ ਹੈ ਅਤੇ ਦਿਨੋ-ਦਿਨ ਹੋਰ ਗਹਿਰਾ ਹੁੰਦਾ ਜਾਂਦਾ ਹੈ, ਇਸ ਦੇ ਲਈ ਪਹਿਲਾ ਦੋਸ਼ ਉਨ੍ਹਾਂ ਲੋਕਾਂ ਸਿਰ ਹੀ ਜਾਂਦਾ ਹੈ, ਜਿਹੜੇ ਕਿਸੇ ਵੇਲੇ ਇਸ ਦੇਸ਼ ਦੀ ਧਰਮ-ਨਿਰਪੱਖਤਾ ਦੀ ਮਿਸਾਲ ਬਣਨ ਵਾਲੇ ਪ੍ਰਮੁੱਖ ਆਗੂਆਂ ਦੇ ਸਿਆਸੀ ਵਾਰਸ ਹਨ।

ਅਸੀਂ ਪਹਿਲਾਂ ਕਹਿ ਆਏ ਹਾਂ ਕਿ ਜਵਾਹਰ ਲਾਲ ਨਹਿਰੂ ਦੇ ਨਾਂਅ ਨਾਲ 'ਪੰਡਿਤ' ਲੱਗਣ ਦੇ ਬਾਵਜੂਦ ਉਹ ਸਦਾ ਧਰਮ-ਨਿਰਪੱਖ ਰਿਹਾ ਤੇ ਧਰਮ ਨੂੰ ਰਾਜਨੀਤੀ ਤੋਂ ਏਨਾ ਦੂਰ ਰੱਖਦਾ ਸੀ ਕਿ ਕਦੇ ਕਿਸੇ ਧਰਮ ਅਸਥਾਨ ਨਹੀਂ ਜਾਂਦਾ ਸੀ। ਕਹਿੰਦੇ ਹਨ ਕਿ ਪੁਰਖਿਆਂ ਦੀ ਸੋਚ ਦੀ ਜੜ੍ਹ ਕਈ ਪੀੜ੍ਹੀਆਂ ਤੱਕ ਜਾਂਦੀ ਹੈ, ਪਰ ਜਵਾਹਰ ਲਾਲ ਨਹਿਰੂ ਦੇ ਜੀਨ ਦੀ ਜੜ੍ਹ ਪਹਿਲੀ ਪੀੜ੍ਹੀ ਇੰਦਰਾ ਗਾਂਧੀ ਨਾਲ ਵੀ ਨਹੀਂ ਨਿਭੀ। ਆਪਣੇ ਬਾਪ ਤੋਂ ਉਲਟ ਉਹ ਸਿਰਫ ਕੁਰਸੀ ਕਾਇਮ ਰੱਖਣ ਵਾਸਤੇ ਕਿਸੇ ਵੀ ਧਰਮ ਅਸਥਾਨ ਵਿੱਚ ਮੱਥਾ ਟੇਕਣ ਤੁਰੀ ਰਹਿੰਦੀ ਸੀ ਅਤੇ ਨਾਲ ਦੀ ਨਾਲ ਧਰਮਾਂ ਦੇ ਭੇੜ ਕਰਾਉਣ ਦੇ ਗਲਤ ਰਾਹੇ ਪੈ ਗਈ ਸੀ। ਪੰਜਾਬ ਦੀ ਜਿਹੜੀ ਸਮੱਸਿਆ ਪੰਝੀ ਹਜ਼ਾਰ ਤੋਂ ਵੱਧ ਲੋਕਾਂ ਦੀਆਂ ਮੌਤਾਂ ਦਾ ਕਾਰਨ ਬਣੀ, ਉਹ ਵੀ ਇੰਦਰਾ ਗਾਂਧੀ ਅਤੇ ਉਸ ਦੇ ਦੁਆਲੇ ਜੁੜੀ ਜੁੰਡੀ ਦੀਆਂ ਰਾਜਨੀਤਕ ਤਿਕੜਮਾਂ ਦਾ ਨਤੀਜਾ ਸੀ ਤੇ ਫਿਰ ਜਦੋਂ ਉਹ ਖੁਦ ਜ਼ਿੰਦਾ ਨਾ ਰਹੀ ਤਾਂ ਬਹੁ-ਗਿਣਤੀ ਧਰਮ ਦੇ ਲੋਕਾਂ ਨੂੰ ਕੱਟੜਪੁਣੇ ਦੀ ਚੋਭ ਲਾਉਣ ਦਾ ਕੰਮ ਉਸ ਦੇ ਪੁਤਰ ਰਾਜੀਵ ਗਾਂਧੀ ਨੇ ਵੀ ਇਸ ਇਰਾਦੇ ਨਾਲ ਕੀਤਾ ਸੀ ਕਿ ਇਸ ਤਰ੍ਹਾਂ ਰਾਜ-ਗੱਦੀ ਦੀ ਹੰਢਣਸਾਰਤਾ ਵਧ ਜਾਵੇਗੀ। ਨਤੀਜਾ ਇਸ ਦਾ ਇਹ ਹੋਇਆ ਕਿ ਉਸ ਧਰਮ ਵਿੱਚ ਉਨ੍ਹਾਂ ਤੋਂ ਵੱਧ ਤਿੱਖੀਆਂ ਸੁਰਾਂ ਕੱਢਣ ਵਾਲਿਆਂ ਨੂੰ ਮੌਕਾ ਨਸੀਬ ਹੋ ਗਿਆ ਤੇ ਭਾਰਤ ਵਿੱਚ ਧਰਮ-ਨਿਰਪੱਖਤਾ ਦੇ ਜੜ੍ਹੀਂ ਤੇਲ ਦਿੱਤਾ ਹੋਣ ਕਰ ਕੇ ਉਹ ਧਿਰ ਲੰਮੀਆਂ ਰਾਜਸੀ ਪੁਲਾਂਘਾਂ ਪੁੱਟਣ ਲੱਗ ਪਈ, ਜਿਸ ਨੂੰ ਦੇਸ਼ ਦੇ ਲੋਕ ਕਈ ਵਾਰ ਰੱਦ ਕਰ ਚੁੱਕੇ ਸਨ। ਉਸ ਧਿਰ ਦੀ ਉਠਾਣ ਦਾ ਪੜੁੱਲ ਇਨ੍ਹਾਂ ਚੁਸਤੀਆਂ ਨੇ ਹੀ ਬੰਨ੍ਹਿਆ ਸੀ।

ਅੱਜ ਤੋਂ ਪੰਝੀ-ਸਾਲ ਪਹਿਲਾਂ ਜਦੋਂ ਇਹ ਕਿਹਾ ਜਾਂਦਾ ਸੀ ਕਿ ਗਲਤ ਧਾਰਨਾਵਾਂ ਵਿੱਚੋਂ ਰਾਜਸੀ ਲਾਭ ਲੈਣ ਦੇ ਰਾਹ ਪਈ ਕਾਂਗਰਸ ਲੀਡਰਸ਼ਿਪ ਆਪਣਾ ਵੀ ਨੁਕਸਾਨ ਕਰੇਗੀ ਅਤੇ ਦੇਸ਼ ਦਾ ਵੀ ਕਰਾਵੇਗੀ ਤਾਂ ਕਈ ਲੋਕਾਂ ਨੂੰ ਇਹ ਕਹਿਣਾ ਚੰਗਾ ਨਹੀਂ ਸੀ ਲੱਗਦਾ। ਉਨ੍ਹਾਂ ਨੂੰ ਇਹ ਗੱਲ ਸੁਣਨੀ ਮਨਜ਼ੂਰ ਨਹੀਂ ਸੀ ਕਿ ਜਿਹੜੇ ਕਾਂਗਰਸੀ ਅੱਜ ਇਸ ਪਾਰਟੀ ਵਿੱਚ ਰਹਿ ਕੇ ਇਹ ਖੇਡਾਂ ਖੇਡ ਰਹੇ ਹਨ, ਉਹ ਕੱਲ੍ਹ-ਕਲੋਤਰ ਨੂੰ ਬਹੁ-ਗਿਣਤੀ ਭਾਈਚਾਰੇ ਦੇ ਨਾਂਅ ਉੱਤੇ ਰਾਜਨੀਤੀ ਕਰਨ ਦੇ ਝੰਡਾ-ਬਰਦਾਰਾਂ ਨਾਲ ਜਾ ਮਿਲਣਗੇ। ਅੱਜ ਇਹ ਸਭ ਕੁਝ ਸਾਡੇ ਸਾਹਮਣੇ ਹੈ। ਕਿਸੇ ਵੀ ਰਾਜ ਵਿੱਚ ਵੇਖ ਲਵੋ ਤਾਂ ਭਾਜਪਾ ਵਿੱਚ ਕਾਂਗਰਸੀਆਂ ਦੀ ਉਹ ਧਾੜ ਆਰਾਮ ਨਾਲ ਲੱਭ ਜਾਵੇਗੀ, ਜਿਹੜੀ ਕਾਂਗਰਸੀ ਰਾਜ ਵਿੱਚ ਅੰਗੂਰੀ ਚਰਦੀ ਤੇ ਧਰਮ-ਨਿਰਪੱਖਤਾ ਦੇ ਓਹਲੇ ਹੇਠ ਇੱਕ ਖਾਸ ਸੋਚ ਵਾਲੇ ਲੋਕਾਂ ਨਾਲ ਸਾਂਝਾਂ ਰੱਖੀ ਜਾਂਦੀ ਸੀ। ਗੋਆ ਵਰਗੇ ਧਰਮ-ਨਿਰਪੱਖ ਦਿੱਖ ਵਾਲੇ ਰਾਜ ਵਿੱਚ ਪਿਛਲੀ ਵਾਰੀ ਕਾਂਗਰਸ ਦੇ ਸਤਾਰਾਂ ਵਿਧਾਇਕ ਜਿੱਤੇ ਸਨ, ਚੌਦਾਂ ਜਣੇ ਭਾਜਪਾ ਦੇ ਨਾਲ ਚਲੇ ਗਏ ਅਤੇ ਤਿੰਨ ਮਸਾਂ ਇਸ ਪਾਰਟੀ ਵਿੱਚ ਟਿਕੇ ਰਹੇ ਹਨ। ਮੱਧ ਪ੍ਰਦੇਸ਼ ਵਿੱਚੋਂ ਬਾਈ ਵਿਧਾਇਕ ਇੱਕੋ ਛੜੱਪੇ ਵਿੱਚ ਆਪਣੀ ਧਰਮ-ਨਿਰਪੱਖਤਾ ਨੂੰ ਕੂੜੇਦਾਨ ਵਿੱਚ ਸੁੱਟ ਕੇ ਭਾਜਪਾ ਵਿੱਚ ਚਲੇ ਗਏ ਸਨ। ਇਹ ਸਭ ਸਹਿਜ-ਸੁਭਾਅ ਨਹੀਂ ਹੋ ਗਿਆ।

ਅਸੀਂ ਫਿਰ ਓਸੇ ਗੱਲ ਉੱਤੇ ਆਈਏ, ਜਿੱਥੋਂ ਕਹਾਣੀ ਸ਼ੁਰੂ ਕੀਤੀ ਸੀ। ਅੱਜ ਦਾ ਭਾਰਤ ਪਹਿਲਾਂ ਵਾਲੀ ਪਟੜੀ ਤੋਂ ਲੱਥ ਚੁੱਕਾ ਅਤੇ ਉਸ ਲੀਹ ਉੱਤੇ ਪੈ ਚੁੱਕਾ ਹੈ, ਜਿੱਥੇ ਧਰਮ-ਨਿਰਪੱਖਤਾ ਨੂੰ ਚਿੜਾਇਆ ਜਾਂਦਾ ਹੈ। ਭਾਰਤੀ ਸਮਾਜ ਵਿੱਚ ਵੰਡੀਆਂ ਪਾਉਣ ਵਾਲੇ ਲੋਕ ਉਲਟਾ ਦੂਸਰਿਆਂ ਨੂੰ 'ਟੁਕੜੇ-ਟੁਕੜੇ ਗੈਂਗ' ਆਖ ਕੇ ਭਾਰਤੀ ਲੋਕਾਂ ਸਾਹਮਣੇ ਬਦਨਾਮ ਅਤੇ ਗਏ-ਗੁਜ਼ਰੇ ਬਣਾ ਕੇ ਪੇਸ਼ ਕਰ ਰਹੇ ਹਨ। ਜਿਹੜਾ ਕੋਈ ਇਨ੍ਹਾਂ ਦੇ ਨਾਲ ਖੜੋ ਕੇ ਇੱਕ ਖਾਸ ਧਰਮ ਦੀ ਰਾਜਨੀਤੀ ਵਾਲੀ ਮੁਹਾਰਨੀ ਪੜ੍ਹਨ ਲੱਗ ਜਾਵੇ, ਉਹ ਠੀਕ ਹੈ ਤੇ ਬਾਕੀ ਸਾਰੇ ਲੋਕ ਇਨ੍ਹਾਂ ਦੀ ਨਜ਼ਰ ਵਿੱਚ 'ਟੁਕੜੇ-ਟੁਕੜੇ' ਗੈਂਗ ਬਣ ਜਾਂਦੇ ਹਨ। ਜੰਮੂ-ਕਸ਼ਮੀਰ ਦੇ ਫਾਰੂਕ ਅਬਦੁੱਲਾ ਤੇ ਉਸ ਦਾ ਪੁੱਤਰ ਕਿਸੇ ਸਮੇਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਮੰਤਰੀ ਬਣਾਏ ਗਏ ਸਨ, ਓਦੋਂ ਉਹ ਠੀਕ ਸਨ ਤੇ ਮਹਿਬੂਬਾ ਮੁਫਤੀ ਏਸੇ ਭਾਜਪਾ ਨਾਲ ਸਾਂਝੀ ਸਰਕਾਰ ਚਲਾਉਣ ਦੇ ਲਈ ਮੁੱਖ ਮੰਤਰੀ ਬਣੀ ਰਹੀ ਸੀ, ਓਦੋਂ ਉਹ ਵੀ ਠੀਕ ਸੀ, ਅੱਜ ਦੋਵੇਂ 'ਟੁਕੜੇ-ਟੁਕੜੇ ਗੈਂਗ' ਦਾ ਆਗੂ ਬਣਾ ਕੇ ਭਾਰਤ ਦੀ ਜਨਤਾ ਮੂਹਰੇ ਇਸ ਤਰ੍ਹਾਂ ਪੇਸ਼ ਕੀਤੇ ਜਾਂਦੇ ਹਨ, ਜਿਵੇਂ ਇਨ੍ਹਾਂ ਦੀ ਹੋਂਦ ਉਨ੍ਹਾਂ ਦੇ ਰਾਹ ਦਾ ਰੋੜਾ ਬਣਦੀ ਹੋਵੇ। ਧਰਮ ਨਿਰਪੱਖ ਧਿਰਾਂ ਇਸ ਦਾ ਰਾਹ ਰੋਕਣ ਜੋਗੀਆਂ ਨਹੀਂ ਰਹਿ ਗਈਆਂ। ਇਸ ਹਾਲਤ ਵਿੱਚ ਸਾਹਿਰ ਲੁਧਿਆਣਵੀ ਦਾ ਗੀਤ ਯਾਦ ਆਉਂਦਾ ਅਤੇ ਉਨ੍ਹਾਂ ਸਾਰੇ ਲੋਕਾਂ ਨੂੰ ਟੁੰਬ ਕੇ ਜਗਾਉਣ ਦੀ ਕੋਸ਼ਿਸ਼ ਕਰਦਾ ਹੈ, ਜਿਹੜੇ ਭਾਰਤ ਦੀ ਪ੍ਰਾਚੀਨਤਾ ਵਿੱਚੋਂ ਨਿਕਲੀ ਅਤੇ ਅੱਜ ਤੱਕ ਰਾਹ ਵਿਖਾਉਂਦੀ ਆਈ ਵਿਰਾਸਤ ਦੇ ਹਾਮੀ ਹਨ। ਸਾਹਿਰ ਨੇ ਲਿਖਿਆ ਸੀ:

ਜ਼ਰਾ ਮੁਲਕ ਕੇ ਰਹਿਬਰੋਂ ਕੋ ਬੁਲਾਓ,<br>
ਯੇ ਕੂਚੇ, ਯੇ ਗਲੀਆਂ, ਯੇ ਮੰਜ਼ਰ ਦਿਖਾਓ,<br>
ਜਿਨਹੇਂ ਨਾਜ਼ ਹੈ ਹਿੰਦ ਪਰ, ਉਨ ਕੋ ਲਾਓ,<br>
ਜਿਨਹੇਂ ਨਾਜ਼ ਹੈ ਹਿੰਦ ਪਰ, ਵੋ ਕਹਾਂ ਹੈ, ਵੋ ਕਹਾਂ ਹੈਂ।

ਸੱਚੀ ਗੱਲ ਹੈ ਕਿ ਅੱਜ ਜਣਾ-ਖਣਾ ਆਗੂ ਬਣਿਆ ਪਿਆ ਹੈ, ਪਰ ਦੇਸ਼ ਦੀ ਵਿਰਾਸਤ ਦੀ ਸੰਭਾਲ ਲਈ ਹਾਲਾਤ ਦਾ ਸਾਹਮਣਾ ਕਰਨ ਵਾਲੇ ਲੋਕ, 'ਜਿਨਹੇਂ ਨਾਜ਼ ਹੈ ਹਿੰਦ ਪਰ, ਵੋ ਕਹਾਂ ਹੈਂ", ਇਹੀ ਪਤਾ ਨਹੀਂ ਲੱਗ ਰਿਹਾ।

## ਸੋਨੇ ਦੇ ਬਟਨ

-ਬਲਜੀਤ ਪਰਮਾਰ

ਮੇਰੇ ਪਿਓ ਦਾ ਬਚਪਨ ਅਜੇ ਸ਼ੁਰੂ ਵੀ ਨਹੀਂ ਹੋਇਆ ਸੀ, ਜਦੋਂ ਉਹਦੀ ਮਾਂ ਅਚਾਨਕ ਪੂਰੀ ਹੋ ਗਈ। ਨਿਆਣੇ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਪਿਤਾ ਉਤੇ ਆ ਪਈ। ਘਰ ਵਿੱਚ ਹੋਰ ਕੋਈ ਤੀਵੀਂ ਨਹੀਂ ਸੀ। ਪੌਣੇ ਕੁ ਦੋ ਏਕੜ ਜ਼ਮੀਨ ਅਤੇ ਖੇਤੀ ਇਕੱਲੇ ਨੇ ਕਰਨੀ। ਮੱਝਾਂ-ਬਲਦਾਂ ਦਾ ਖਿਆਲ ਵੀ ਰੱਖਣਾ ਤੇ ਘਰ ਘਾਟ ਦਾ ਵੀ। ਉਤੋਂ ਕੁੱਛੜ ਲਮਕੀ ਸੋਹਲ ਜਿਹੀ ਜਿੰਦ। ਆਂਢ-ਗੁਆਂਢ ਅਤੇ ਰਿਸ਼ਤੇਦਾਰਾਂ ਨੂੰ ਤਰਸ ਤਾਂ ਆਉਂਦਾ, ਪਰ ਕਰਦੇ ਕੀ।

ਸਿਆਣਿਆਂ ਨੇ ਕਹਿ-ਕਹਾ ਕੇ, ਸਮਝਾ-ਬੁਝਾ ਕੇ ਦੂਜਾ ਵਿਆਹ ਕਰਵਾ ਦਿੱਤਾ। ਜਿਹੜੀ ਆਈ, ਉਹ ਰੱਬ ਦਾ ਰੂਪ ਬਣ ਕੇ ਆਈ ਸੀ। ਮੁੰਡੇ ਦਾ ਨਾਂਅ ਸ਼ੇਰ ਰੱਖਿਆ ਤੇ ਸ਼ੇਰ ਵਾਂਗ ਪਾਲਿਆ। ਸਕੂਲੇ ਪਾਇਆ। ਦੁੱਧ ਪਿਆਉਣਾ, ਘਿਓ ਖਵਾਉਣਾ। ਕਬੱਡੀ ਖੇਡਣ ਲਾਇਆ। ਉਸੇ ਦੌਰਾਨ ਉਹਦਾ ਆਪਣਾ ਵੀ ਇੱਕ ਪੁੱਤ ਜੰਮਿਆ, ਪਰ ਬਹੁਤਾ ਖਿਆਲ ਉਹ ਵੱਡੇ ਦਾ ਰੱਖਦੀ। ਸਾਲ ਬੀਤਦੇ ਗਏ। ਸ਼ੇਰ ਨੇ ਦਸਵੀਂ ਕਰ ਲਈ। ਉਹ ਅੱਗੇ ਪੜ੍ਹਨਾ ਚਾਹੁੰਦਾ ਸੀ। ਬੇਬੇ ਨੇ ਆਪਣਾ ਪੁੱਤ ਸਕੂਲੋਂ ਹਟਾ ਲਿਆ। ਟੂੰਬ-ਟੰਬਾ ਵੇਚ ਕੇ ਸ਼ੇਰ ਨੂੰ ਲਾਹੌਰ ਭੇਜਿਆ। ਹੋਸਟਲ ਵਿੱਚ ਰਹਿ ਕੇ ਉਸ ਨੇ ਐਫ ਏ ਪਾਸ ਕਰ ਲਈ। ਬੱਸ ਫਿਰ ਕੀ ਸੀ, ਸਰਕਾਰੀ ਨੌਕਰੀ ਮਿਲ ਗਈ। ਵਿਆਹ ਹੋ ਗਿਆ ਤੇ ਸਰਕਾਰੀ ਮਕਾਨ ਵੀ ਮਿਲ ਗਿਆ।

***

ਅਸੀਂ ਗਰਮੀਆਂ ਦੀਆਂ ਛੁੱਟੀਆਂ ਪਿੰਡ ਜਾਣਾ। ਬੇਬੇ ਨੇ ਰੱਜ ਕੇ ਤਿਉ ਕਰਨਾ। ਅੱਗੇ ਪਿੱਛੇ ਫਿਰਦੀ ਨਾ ਥੱਕਦੀ। ਬੇਬੇ ਨੂੰ ਬੰਦਿਆਂ ਵਰਗੀ ਕਮੀਜ਼ ਪਾਉਣ ਦਾ ਸ਼ੌਕ ਸੀ। ਖਾਕੀ ਰੰਗ ਉਹਨੂੰ ਬਹੁਤ ਜਚਦਾ ਸੀ, ਗੋਰੀ ਜੋ ਬਹੁਤ ਸੀ। ਇੱਕ ਵਾਰੀ ਮੇਰੀ ਨਿਗਾਹ ਉਹਦੀ ਕਮੀਜ਼ ਦੇ ਬਟਨਾਂ ਉਤੇ ਪਈ। ਪੀਲੇ ਰੰਗ ਦੇ ਲਿਸ਼ਕਦੇ ਬਟਨ।

''ਬੇਬੇ ਇਹ ਸੋਨੇ ਦੇ ਆ?'' ਮੈਂ ਪੁੱਛਿਆ।

ਮੇਰਾ ਮੂੰਹ ਚੁੰਮ ਕੇ ਬੇਬੇ ਬੋਲੀ, ''ਪੁੱਤ ਜੇ ਸੋਨੇ ਦੇ ਹੁੰਦੇ ਤਾਂ ਕਦੋਂ ਦੇ ਤੇਰੇ ਝੱਗੇ ਦੇ ਕਾਜਾਂ ਵਿੱਚ ਜੜੇ ਹੁੰਦੇ। ਇਹ ਤਾਂ ਪਿੱਤਲ ਦੇ ਨੇ।''

''ਜੇ ਮੈਂ ਸੋਨੇ ਦੇ ਗਹਿਣੇ ਪਾਉਣ ਲੱਗ ਜਾਂਦੀ ਤਾਂ ਤੇਰਾ ਪਿਓ ਕਿਵੇਂ ਪੜ੍ਹਦਾ? ਪੜ੍ਹਿਆ ਲਿਖਿਆ ਜਣਾ ਸੋਨੇ ਤੋਂ ਵੱਧ ਹੁੰਦੈ ਪੁੱਤ। ਹੁਣ ਤੂੰ ਵੀ ਢੇਰ ਸਾਰਾ ਪੜ੍ਹੀਂ।''

ਸਮਾਂ ਲੰਘਦਾ ਗਿਆ। ਵਿਆਹ ਕਰਾਵ ਕੇ ਮੈਂ ਬੰਬੇ ਪੁੱਜ ਗਿਆ। ਜਦੋਂ ਪਿੰਡ ਜਾਣਾ ਤਾਂ ਬੇਬੇ ਦੇ ਪਿੱਤਲ ਦੇ ਬਟਨ ਵੇਖਣੇ। ਹਮੇਸ਼ਾ ਇਹੀ ਸੋਚਣਾ ਕਿ ਜਦੋਂ ਹੱਥ ਰਤਾ ਕੁ ਸੌਖਾ ਹੋਇਆ ਤਾਂ ਬੇਬੇ ਨੂੰ ਸੋਨੇ ਦੇ ਬਟਨ ਬਣਾ ਕੇ ਦੇਊਂਗਾ। ਫਿਰ ਯਾਦ ਆਉਣਾ ਕਿ ਪਹਿਲਾਂ ਨਿਆਣੇ ਪੜ੍ਹਾ-ਲਿਖਾ ਲਈਏ, ਜਿੰਨਾ ਉਹ ਪੜ੍ਹਨਾ ਚਾਹੁੰਦੇ ਸਨ, ਸਾਰੇ ਮਾਮਲਿਆਂ ਵਿੱਚ ਸਭ ਕੀਤਾ। ਖਾਣ ਕਮਾਉਣ ਲੱਗ ਗਏ। ਚਾਰ ਪੈਸੇ ਬਚਾ ਵੀ ਲਏ। ਬੇਬੇ ਲਈ ਸੋਨੇ ਦੇ ਬਟਨ ਵੀ ਬਣਾ ਲਏ। ਦਫਤਰੋਂ ਛੁੱਟੀ ਦੀ ਅਰਜ਼ੀ ਵੀ ਦੇ ਦਿੱਤੀ। ਪਿੰਡ ਜਾਣ ਦੀ ਤਿਆਰੀ ਕੀਤੀ। ਗੱਡੀ ਫੜਨ ਤੋਂ ਦੋ ਦਿਨ ਪਹਿਲਾਂ ਪਿੰਡੋਂ ਚਾਚੇ ਦਾ ਫੋਨ ਆ ਗਿਆ। ਬੇਬੇ ਰੱਬ ਨੂੰ ਪਿਆਰੀ ਹੋ ਗਈ।


ਸਿੱਖਿਆ ਦਾ ਜਿਹੜਾ ਸੋਨਾ ਸਾਨੂੰ ਦੇ ਗਈ, ਉਹ ਕਮੀਜ਼ ਦੇ ਨਿੱਕੇ-ਨਿੱਕੇ ਬਟਨਾਂ ਤੋਂ ਬਹੁਤ ਕੀਮਤੀ ਹੈ।

ਮੈਂ ਉਸ ਦਿਨ ਤੋਂ ਬਾਅਦ ਕਦੇ ਸੋਨਾ ਨਹੀਂ ਖਰੀਦਿਆ। ਕਿਤਾਬਾਂ ਖਰੀਦੀਆਂ ਤੇ ਵੰਡੀਆਂ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ<br>
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ<br>
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ<br>
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ<br>
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ<br>
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ<br>
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com<br>
satsahibusa@gmail.com

647-739-4641<br>
346-714-0224


## ਇਤਿਹਾਸਕ ਕਿਸਾਨ ਮੁਕਤੀ ਘੋਲ ਦਾ ਬਿਗਲ

-ਯੋਗੇਂਦਰ ਯਾਦਵ

ਅਗਲੇ ਹਫਤੇ ਦੇਸ਼ ਕਿਸਾਨਾਂ ਦੇ ਬੇਮਿਸਾਲ ਇਕੱਤਰਤਾ ਦੇਖੇਗਾ। 26 ਨਵੰਬਰ ਨੂੰ ਸੰਵਿਧਾਨ ਦਿਵਸ ਤੇ ਦੇਸ਼ ਭਰ ਦੇ ਕਿਸਾਨਾਂ ਨੇ 'ਦਿੱਲੀ ਚਲੋ' ਦਾ ਪ੍ਰਣ ਲਿਆ ਹੈ। ਰੇਲ ਗੱਡੀਆਂ ਅਤੇ ਜਨਤਕ ਬਸਾਂ ਨਾ ਚੱਲਣ ਕਰ ਕੇ ਦੂਰ ਦੁਰਾਡੇ ਤੋਂ ਕਿਸਾਨ ਦਿੱਲੀ ਨਹੀਂ ਪਹੁੰਚ ਸਕਦੇ, ਪਰ ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਉਤਰਾਖੰਡ ਤੇ ਖਾਸਕਰ ਕੇ ਪੰਜਾਬ ਤੋਂ ਵੱਡੀ ਤਦਾਦ ਵਿੱਚ ਕਿਸਾਨ ਦਿੱਲੀ ਕੂਚ ਕਰਨ ਦੀ ਤਿਆਰ ਹਨ। ਪਿਛਲੇ ਦੋ ਮਹੀਨਿਆਂ ਤੋਂ ਪੰਜਾਬ ਵਿੱਚ ਇਤਿਹਾਸਕ ਅੰਦੋਲਨ ਚਲਾ ਰਹੇ ਉਥੋਂ ਦੇ ਕਿਸਾਨਾਂ ਨੇ ਫੈਸਲਾ ਕਰ ਲਿਆ ਹੈ ਕਿ ਬਾਹਰ ਨਿਕਲਣ ਦਾ ਸਮਾਂ ਆ ਗਿਆ ਹੈ। ਉਹ ਸਾਂਝਾ ਕਿਸਾਨ ਮੋਰਚਾ ਲਾ ਕੇ ਦਿੱਲੀ ਦਰਬਾਰ ਬੰਦ ਕਰਨ ਲਈ ਟਰੈਕਟਰ ਟਰਾਲੀਆਂ ਲੈ ਕੇ ਨਿਕਲਣਗੇ।

ਇਤਿਹਾਸ ਗਵਾਹ ਹੈ ਕਿ ਕਿਸਾਨ ਉਦੋਂ ਹੀ ਅੰਦੋਲਨ ਦਾ ਰਾਹ ਅਖਤਿਆਰ ਕਰਦੇ ਹਨ ਜਦੋਂ ਪਾਣੀ ਨੱਕ ਤੋਂ ਟੱਪ ਜਾਂਦਾ ਹੈ। ਪਿਛਲੇ ਕਈ ਸਾਲਾਂ ਤੋਂ ਕਿਸਾਨ ਬੇਹੱਦ ਪ੍ਰੇਸ਼ਾਨ ਹਨ। ਕਿਸਾਨ ਪਿਛਲੀਆਂ ਸਰਕਾਰਾਂ ਦੇ ਜ਼ਮਾਨੇ ਵਿੱਚ ਵੀ ਪ੍ਰੇਸ਼ਾਨ ਸੀ, ਕਿਉਂਕਿ ਦੇਸ਼ ਦੀ ਕੋਈ ਵੀ ਸਰਕਾਰ ਕਿਸਾਨ ਹਿਤੈਸ਼ੀ ਨਹੀਂ ਰਹੀ, ਲੇਕਿਨ ਮੋਦੀ ਰਾਜ ਵਿੱਚ ਹੱਦ ਹੋ ਗਈ। ਵਾਅਦੇ ਕੀਤੇ ਜਾਂਦੇ ਰਹੇ, ਝੂਠੇ ਦਾਅਵੇ ਮਿਲਦੇ ਰਹੇ। ਸਾਲ 2014 ਦੀਆਂ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਸਵਾਮੀਨਾਥਨ ਕਮਿਸ਼ਨ ਦੇ ਫਾਰਮੂਲੇ ਨਾਲ ਫਸਲ ਦਾ ਡੇਢ ਗੁਣਾ ਭਾਅ ਦਿੱਤਾ ਜਾਵੇਗਾ, ਪਰ ਸਰਕਾਰ ਨੇ ਚਲਾਕੀ ਵਰਤਦਿਆਂ ਫਾਰਮੂਲਾ ਹੀ ਬਦਲ ਦਿੱਤਾ। ਵਾਅਦਾ ਕੀਤਾ ਸੀ ਛੇ ਸਾਲਾਂ ਵਿੱਚ ਕਿਸਾਨ ਦੀ ਆਮਦਨ ਦੁੱਗਣੀ ਕਰਨ ਦਾ, ਪੰਜ ਸਾਲ ਖਤਮ ਹੋਣ ਨੂੰ ਆਏ ਤਾਂ ਅੱਜ ਤੱਕ ਕੋਈ ਹਿਸਾਬ ਹੀ ਨਹੀਂ ਦਿੱਤਾ ਗਿਆ। ਦਾਅਵਾ ਕੀਤਾ ਸੀ ਇਤਿਹਾਸਕ ਫਸਲ ਬੀਮਾ ਯੋਜਨਾ ਲਾਗੂ ਕਰਨ ਦਾ, ਪਰ ਕਿਸਾਨ ਦੇ ਪੱਲੇ ਕੱਖ ਵੀ ਨਾ ਪਿਆ। ਗੱਲਾਂ ਹੁੰਦੀਆਂ ਰਹੀਆਂ ਕਿਸਾਨ ਨੂੰ ਆਜ਼ਾਦ ਕਰਨ ਦੀਆਂ, ਕਿਸਾਨ ਨੂੰ ਮਿਲੀਆਂ ਇੱਕ ਤੋਂ ਬਾਅਦ ਇੱਕ ਬੰਦਿਸ਼ਾਂ। ਸਭ ਤੋਂ ਪਹਿਲਾਂ ਆਈ ਨੋਟਬੰਦੀ। ਅਨਾਜ ਅਤੇ ਫਲ ਸਬਜ਼ੀਆਂ ਦੀਆਂ ਮੰਡੀਆਂ ਉਸ ਦੀ ਮਾਰ ਤੋਂ ਅੱਜ ਤੱਕ ਨਹੀਂ ਉਭਰ ਸਕੀਆਂ। ਕਿਸਾਨ ਨੇ ਭਾਣਾ ਮੰਨ ਲਿਆ। ਆਪਣਾ ਨਫ਼ਾ ਨੁਕਸਾਨ ਛੱਡ ਕੇ ਬਾਕੀ ਦੇਸ਼ ਦੀ ਚਿੰਤਾ ਕੀਤੀ। ਦੁਬਾਰਾ ਵੋਟ ਵੀ ਦੇ ਦਿੱਤੀ। ਫਿਰ ਆਈ ਕੋਰੋਨਾ ਮਹਾਮਾਰੀ। ਲਾਕਡਾਊਨ ਦੇ ਨਾਂਅ 'ਤੇ ਦੇਸ਼ਬੰਦੀ ਕਰ ਦਿੱਤੀ ਗਈ। ਕਿਸਾਨ ਮੰਡੀ ਤੱਕ ਨਹੀਂ ਜਾ ਸਕੇ, ਬਹੁਤਿਆਂ ਨੂੰ ਆਪਣੀ ਉਪਜ ਸੁੱਟਣੀ ਪੈ ਗਈ। ਰਾਹਤ ਪੈਕੇਜ ਵਿੱਚ ਸਭ ਨੂੰ ਕੁਝ ਨਾ ਕੁਝ ਮਿਲਿਆ, ਬੱਸ ਕਿਸਾਨ ਦੇ ਹੱਥ ਧੇਲਾ ਵੀ ਨਾ ਆਇਆ। ਫਿਰ ਵੀ ਕਿਸਾਨ ਨੇ ਦੇਸ਼ ਦੇ ਅਰਥਚਾਰੇ ਨੂੰ ਬਚਾਇਆ, ਪਰ ਕਿਸਾਨ ਦਾ ਸ਼ੁਕਰਾਨਾ ਕਰਨ ਜਾਂ ਘੱਟੋ-ਘੱਟ ਨੁਕਸਾਨ ਦਾ ਹਰਜਾਨਾ ਦੇਣ ਦਾ ਥਾਂ ਮੋਦੀ ਸਰਕਾਰ ਨਵੇਂ ਨਵੇਂ ਕਾਨੂੰਨ ਲਿਆ ਕੇ ਕਿਸਾਨਾਂ ਦੀ ਘੇਰਾਬੰਦੀ ਕਰਨ ਉਤੇ ਤੁਲੀ ਹੋਈ ਹੈ। ਕਿਸਾਨ ਹੈਰਾਨ ਹੈ, ਸੋਚਦਾ ਹੈ ਕਿ ਪਤਾ ਨਹੀਂ ਮੋਦੀ ਸਰਕਾਰ ਨੂੰ ਉਨ੍ਹਾਂ ਨਾਲ ਕੀ ਦੁਸ਼ਮਣੀ ਹੈ।

ਨਵੇਂ ਕਾਨੂੰਨਾਂ ਨਾਲ ਹੋਣ ਵਾਲੀ ਇਸ ਘੇਰਾਬੰਦੀ ਵਿਚਿ ਕਿਸਾਨ ਨੂੰ ਇੱਕ-ਦੋ ਨਹੀਂ, ਸਗੋਂ ਸੱਤ ਬੰਦਿਸ਼ਾਂ ਨਜ਼ਰ ਆਉਂਦੀਆਂ ਹਨ। ਸਭ ਤੋਂ ਪਹਿਲਾ ਅਤੇ ਵੱਡਾ ਡਰ ਹੈ ਮੰਡੀ ਬੰਦ ਹੋਣ ਦਾ। ਪਾਰਲੀਮੈਂਟ ਨੇ ਕਾਨੂੰਨ ਪਾਸ ਕਰ ਦਿੱਤਾ ਹੈ ਕਿ ਮੰਡੀ ਪ੍ਰਣਾਲੀ ਨੂੰ ਬਾਈਪਾਸ ਕਰ ਕੇ ਪ੍ਰਾਈਵੇਟ ਮੰਡੀ ਬਣਾਈ ਜਾਵੇਗੀ। ਕਿਸਾਨਾਂ ਨੂੰ ਡਰ ਹੈ ਕਿ ਦੋ ਤਿੰਨ ਸਾਲਾਂ ਵਿੱਚ ਸਰਕਾਰੀ ਮੰਡੀ ਬਹਿ ਜਾਵੇਗੀ। ਜਿਸ ਨੂੰ ਸਰਕਾਰ ਕਿਸਾਨ ਦੀ ਆਜ਼ਾਦੀ ਕਹਿੰਦੀ ਹੈ, ਕਿਸਾਨ ਨੂੰ ਉਸ ਵਿੱਚ ਬਰਬਾਦੀ ਨਜ਼ਰ ਆਉਂਦੀ ਹੈ। ਮੰਡੀ ਬਹਿ ਗਈ ਤਾਂ ਕਿਸਾਨ ਦੇ ਸਿਰ ਉਹਤੇ ਜੋ ਟੁੱਟਿਆ-ਭੱਜਿਆ ਛੱਪਰ ਹੈ, ਉਹ ਵੀ ਨਾ ਰਹੇਗਾ। ਸਰਕਾਰ ਕਹਿੰਦੀ ਹੈ ਕਿ ਕਿਸਾਨ ਨੰ ਨੀਲਾ ਅੰਬਰ ਦਿਖਾਈ ਦੇਵੇਗਾ, ਚੰਦ ਤਾਰੇ ਨਜ਼ਰ ਆਉਣਗੇ। ਕਿਸਾਨ ਕਹਿੰਦਾ ਹੈ ਕਿ ਉਸ ਨੂੰ ਇਹੋ ਜਿਹੀ ਆਜ਼ਾਦੀ ਨਹੀਂ ਚਾਹੀਦੀ।

ਇਸ ਨਾਲ ਜੁੜਿਆ ਦੂਜਾ ਡਰ ਹੈ ਐੱਮ ਐੱਸ ਪੀ ਭਾਵ ਘੱਟੋ-ਘੱਟ ਸਮਰਥਨ ਮੁੱਲ ਬੰਦ ਹੋਣ ਦਾ। ਕਿਸਾਨ ਇਹ ਜਾਣਦਾ ਹੈ ਕਿ ਸਰਕਾਰੀ ਮੰਡੀ ਨਹੀਂ ਰਹੇਗੀ ਤਾਂ ਸਰਕਾਰੀ ਭਾਅ ਉਤੇ ਫਸਲਾਂ ਦੀ ਖਰੀਦ ਹੌਲੀ-ਹੌਲੀ ਬੰਦ ਹੋ ਜਾਵੇਗੀ। ਸਰਕਾਰ ਕਹਿੰਦੀ ਹੈ ਕਿ ਐੱਮ ਐੱਸ ਪੀ ਬੰਦ ਨਹੀਂ ਹੋਵੇਗੀ, ਪਰ ਕਿਸਾਨ ਸਮਝਦਾਰ ਹੈ। ਉਹ ਜਾਣਦੇ ਹਨ ਕਿ ਸਰਕਾਰ ਕਦੇ ਵੀ ਐਲਾਨੀਆ ਰੂਪ ਵਿੱਚ ਐੱਮ ਐੱਸ ਪੀ ਬੰਦ ਨਹੀਂ ਕਰੇਗੀ। ਕਾਗਜ਼ ਉਤੇ ਐਲਾਨ ਹੁੰਦੇ ਰਹਿਣਗੇ, ਪਰ ਖਰੀਦ ਨਹੀਂ ਕੀਤੀ ਜਾਵੇਗੀ। ਕਿਸਾਨ ਕਹਿੰਦੇ ਹਨ ਕਿ ਜੇ ਸਰਕਾਰ ਐੱਮ ਐੱਸ ਪੀ ਬਾਰੇ ਆਪਣੀ ਜ਼ੁਬਾਨ ਉਤੇ ਪੱਕੀ ਹੈ ਤਾਂ ਇਸ ਨੂੰ ਕਾਨੂੰਨੀ ਰੂਪ ਦੇ ਦੇਵੇ। ਸਰਕਾਰ ਇਸ ਦਾ ਕੋਈ ਜਵਾਬ ਨਹੀਂ ਦਿੰਦੀ।

ਤੀਜੇ ਡਰ ਦੀ ਖਾਸ ਚਰਚਾ ਨਹੀਂ ਹੁੰਦੀ, ਪਰ ਪਿੰਡ ਦੇ ਗਰੀਬ, ਛੋਟੇ ਕਿਸਾਨ ਤੇ ਖੇਤ ਮਜ਼ਦੂਰ ਦੇ ਮਨ ਵਿੱਚ ਸਭ ਤੋਂ ਵੱਡੀ ਗੱਲ ਉਹੀ ਹੈ। ਜੇ ਸਰਕਾਰ ਕਣਕ ਤੇ ਜੀਰੀ ਦੀ ਖਰੀਦ ਬੰਦ ਕਰੇਗੀ ਤਾਂ ਦੇਰ ਸਵੇਰ ਗੀਰਬਾਂ ਨੂੰ ਮਿਲਣ ਵਾਲਾ ਸਸਤਾ ਰਾਸ਼ਨ ਵੀ ਬੰਦ ਹੋਵੇਗਾ। ਪਿੰਡ ਵਿੱਚ ਰਹਿਣ ਵਾਲੀ ਤਿੰਨ ਚੌਥਾਈ ਆਬਾਦੀ ਦੀ ਰਸੋਈ ਸਸਤੀ ਕਣਕ ਅਤੇ ਚੌਲਾਂ ਦਾ ਰਾਸ਼ਨ ਦੀ ਦੁਕਾਨ ਨਾਲ ਕੋਈ ਲਾਗਾ-ਦੇਗਾ ਨਹੀਂ, ਪਰ ਸੱਚ ਇਹੀ ਹੈ ਕਿ ਸਰਕਾਰ ਕਈ ਸਾਲਾਂ ਤੋਂ ਸਸਤੇ ਰਾਸ਼ਨ ਤੋਂ ਆਪਣਾ ਖਹਿੜਾ ਛੁਡਾਉਣ ਦੇ ਤਰੀਕੇ ਲੱਭ ਰਹੀ ਹੈ।

ਚੌਥਾ ਡਰ ਹੈ ਕਿ ਠੇਕਾ (ਕੰਟਰੈਕਟ) ਖੇਤੀ ਕਾਨੂੰਨ ਨਾਲ ਕਿਸਾਨ ਬੰਧੂਆਂ ਬਣ ਜਾਵੇਗਾ। ਕਿਸਾਨ ਅਤੇ ਕੰਪਨੀ ਵਿਚਾਲੇ ਕਰਾਰ ਦੀ ਨਵੀਂ ਵਿਵਸਥਾ ਸ਼ੁਰੂ ਕੀਤੀ ਜਾਵੇਗੀ। ਜਦੋਂ ਕਰਾਰ ਕੰਪਨੀ ਦੇ ਹਿਤ ਵਿੱਚ ਹੋਵੇਗਾ ਤਾਂ ਉਸ ਨੂੰ ਹਰ ਸੂਰਤ ਲਾਗੂ ਕਰਾਇਆ ਜਾਵੇਗਾ। ਜਿਹੜੇ ਸਾਲ ਕਿਸਾਨ ਨੂੰ ਲਾਭ ਹੁੰਦਾ ਦਿਸੇਗਾ, ਉਦੋਂ ਕਰਾਰ ਦੇ ਕਾਨੂੰਨੀ ਦਾਅ ਪੇਚ ਲਾ ਕੇ ਕੰਪਨੀ ਮੁੱਕਰ ਜਾਵੇਗੀ। ਕਿਸਾਨ ਕੰਪਨੀ ਅਤੇ ਉਸ ਦੇ ਵਕੀਲਾਂ ਦਾ ਬੰਧੂਆ ਬਣ ਜਾਏਗਾ।

ਪੰਜਵਾਂ ਡਰ ਜਮ੍ਹਾਂਖੋਰਾਂ ਉੱਤੇ ਰੋਕ ਟੋਕ ਬੰਦ ਕਰਨ ਨਾਲ ਜੁੜਿਆ ਹੋਇਆ ਹੈ। ਜ਼ਰੂਰੀ ਵਸਤਾਂ ਬਾਰੇ ਕਾਨੂੰਨ ਵਿੱਚ ਸੋਧ ਕਰ ਕੇ ਵਪਾਰੀਆਂ ਨੂੰ ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਦੀ ਖੁੱਲ੍ਹੀ ਛੋਟ ਦੇ ਦਿੱਤੀ ਗਈ ਹੈ। ਇਸ ਨਾਲ ਕਿਸਾਨ ਨੂੰ ਡਰ ਹੈ ਕਿ ਫਸਲ ਸਸਤੀ ਵਿਕੇਗੀ। ਫਸਲ ਬਾਜ਼ਾਰ ਵਿੱਚ ਆਉਣ ਤੋਂ ਪਹਿਲਾਂ ਵੱਡੇ ਵਪਾਰੀ ਕੁਝ ਮਾਲ ਮੰਡੀ ਵਿੱਚ ਉਤਾਰ ਦੇਣਗੇ, ਜਿਸ ਨਾਲ ਭਾਅ ਡਿੱਗ ਜਾਇਆ ਕਰਨਗੇ। ਜਦੋਂ ਕਿਸਾਨ ਆਪਣੀ ਫਸਲ ਵੇਚ ਚੁੱਕੇ ਹੋਣਗੇ ਤਾਂ ਵਪਾਰੀ ਲੋਕ ਕਾਲਾ ਬਾਜ਼ਾਰੀ ਕਰਨਗੇ, ਖਰੀਦਦਾਰਾਂ ਲਈ ਕੀਮਤਾਂ ਵਧਾ ਦਿੱਤੀਆਂ ਜਾਣਗੀਆਂ। ਇਸ ਲਈ ਪਿੰਡ ਅਤੇ ਸ਼ਹਿਰ ਦੋਵਾਂ ਦੇ ਗਰੀਬ ਅਤੇ ਮਜ਼ਦੂਰ ਨੂੰ ਡਰ ਹੈ ਕਿ ਇਸ ਕਿਸਮ ਦੀ ਮਹਿੰਗਾਈ ਨਾਲ ਉਸ ਦੀ ਰਸੋਈ ਨੂੰ ਝਟਕਾ ਲੱਗੇਗਾ।


ਛੇਵਾਂ ਡਰ ਸਸਤੀ ਬਿਜਲੀ ਬੰਦ ਹੋਣ ਦਾ ਹੈ। ਕਿਸਾਨ ਨੇ ਸੁਣ ਲਿਆ ਹੈ ਕਿ ਮੋਦੀ ਸਰਕਾਰ ਕਾਨੂੰਨ ਲਿਆ ਰਹੀ ਹੈ ਕਿ ਰਾਜ ਸਰਕਾਰਾਂ ਕਿਸਾਨ ਨੂੰ ਮੁਫਤ ਬਿਜਲੀ ਜਾਂ ਸਸਤੀ ਬਿਜਲੀ ਨਾ ਦੇਣ। ਕਿਸਾਨ ਪੁੱਛਦਾ ਹੈ ਕਿ ਜੇ ਸਸਤੀ ਬਿਜਲੀ ਰਾਜ ਸਰਕਾਰ ਆਪਣੀ ਜੇਬ ਵਿੱਚੋਂ ਦੇ ਰਹੀ ਹੈ ਤਾਂ ਕੇਂਦਰ ਸਰਕਾਰ ਇਸ ਦਾ ਕਾਨੂੰਨ ਕਿਉਂ ਲਿਆ ਰਹੀ ਹੈ? ਉਹ ਸੋਚਦਾ ਹੈ ਕਿ ਜੋ ਸਰਕਾਰ ਕਿਸਾਨ ਨੂੰ ਫਸਲ ਦਾ ਪੂਰਾ ਮੁੱਲ ਨਹੀਂ ਦੇ ਸਕਦੀ, ਉਹ ਉਸ ਦੀ ਲਾਗਤ ਵਧਾਉਣ ਲਈ ਕਿਉਂ ਇੰਨੀ ਫੁਰਤੀ ਦਿਖਾ ਰਹੀ ਹੈ? ਉਸ ਨੂੰ ਇਸ ਦਾ ਜਵਾਬ ਨਹੀਂ ਮਿਲਦਾ।

ਜਿਵੇਂ ਇੰਨੀਆਂ ਬੰਦਿਸ਼ਾਂ ਕਾਫੀ ਨਹੀਂ ਸਨ, ਸਰਕਾਰ ਸੱਤਵਾਂ ਡਰ ਲੈ ਆਈ ਹੈ। ਦਿੱਲੀ ਅਤੇ ਐਨ ਸੀ ਆਰ ਖੇਤਰ ਦੇ ਵਾਤਾਵਰਣ ਨੂੰ ਬਚਾਉਣ ਲਈ ਕਿਸਾਨ ਨੂੰ ਜੇਲ੍ਹ ਵਿੱਚ ਬੰਦ ਕਰਨ ਦਾ ਕਾਨੂੰਨ ਬਣ ਗਿਆ ਹੈ। ਪਰਾਲੀ ਸਾੜਨ ਬਦਲੇ ਕਿਸਾਨ ਨੂੰ ਇੱਕ ਕਰੋੜ ਰੁਪਏ ਤੱਕ ਜੁਰਮਾਨਾ ਅਤੇ ਪੰਜ ਸਾਲ ਤੱਕ ਕੈਦ ਦਾ ਨਵਾਂ ਕਾਨੂੰਨ ਲਾਗੂ ਕਰ ਦਿੱਤਾ ਗਿਆ ਹੈ। ਕਿਸਾਨ ਪੁੱਛਦੇ ਹਨ ਕਿ ਹਵਾ ਸਾਫ ਕਰਨ ਲਈ ਦਿੱਲੀ ਦੇ ਲੋਕ ਪਹਿਲਾਂ ਆਪਣੀਆਂ ਕਾਰਾਂ ਘੱਟ ਕਿਉਂ ਨਹੀਂ ਕਰਦੇ, ਆਪਣੇ ਉਦਯੋਗਾਂ ਤੇ ਇਮਾਰਤਾਂ ਦੀ ਉਸਾਰੀ ਨਾਲ ਹੁੰਦਾ ਪ੍ਰਦੂਸ਼ਣ ਬੰਦ ਕਿਉਂ ਨਹੀਂ ਕਰਦੇ? ਇਹ ਜਵਾਬ ਨਹੀਂ ਮਿਲਦਾ।

ਇਸ ਲਈ ਕਿਸਾਨਾਂ ਨੇ ਸਰਕਾਰ ਦੀ ਇਸ ਸੱਤ-ਰੂਪੀ ਘੇਰਾਬੰਦੀ ਦੇ ਖਿਲਾਫ ਆਪਣੀਆਂ ਮੁੱਠੀਆਂ ਮੀਚ ਲਈਆਂ ਹਨ। ਦੇਸ਼ ਭਰ ਦੀਆਂ ਕਰੀਬ 500 ਕਿਸਾਨ ਜਥੇਬੰਦੀਆਂ ਦਿੱਲੀ ਵਿੱਚ 'ਸਾਂਝਾ ਕਿਸਾਨ ਮੋਰਚਾ' ਲਾਉਣ ਦੇ ਪ੍ਰੋਗਰਾਮ ਲਈ ਇਕਜੁੱਟ ਹੋ ਗਈਆਂ ਹਨ ਅਤੇ ਆਰ-ਪਾਰ ਦੀ ਲੜਾਈ ਦਾ ਬਿਗੁਲ ਵੱਜ ਗਿਆ ਹੈ। ਕਿਸਾਨਾਂ ਨੇ ਤੈਅ ਕਰ ਲਿਆ ਹੈ ਕਿ ਜੋ ਨੇਤਾ ਅਤੇ ਪਾਰਟੀ ਇਨ੍ਹਾਂ ਕਿਸਾਨ ਵਿਰੋਧੀ ਕਾਨੂੰਨਾਂ ਦੇ ਹੱਕ ਵਿੱਚ ਹਨ, ਉਨ੍ਹਾਂ ਦੀ ਵੋਟ ਬੰਦ ਕਰ ਦੇਣਗੇ। ਕੇਂਦਰ ਹੋਵੇ ਜਾਂ ਰਾਜ ਸਰਕਾਰ, ਜੋ ਇਸ ਸਵਾਲ ਤੇ ਕਿਸਾਨ ਨਾਲ ਨਹੀਂ ਖੜ੍ਹੇਗੀ, ਉਸ ਦਾ ਬੋਰੀ ਬਿਸਤਰਾ ਬੰਨ੍ਹ ਦਿੱਤਾ ਜਾਵੇਗਾ। ਸੰਵਿਧਾਨ ਦਿਵਸ 26 ਨਵੰਬਰ ਤੋਂ ਕਿਸਾਨ ਆਪਣੇ ਸੰਵਿਧਾਨਕ ਹੱਕਾਂ ਦੀ ਲੜਾਈ ਸ਼ੁਰੂ ਕਰਨਗੇ।

# ਝੋਨਾ ਖ਼ਰੀਦ ਦੇ ਰੌਲੇ ਪਿੱਛੋਂ ਸਰਕਾਰ ਵੱਲੋਂ ਫਿਰ ਜਾਂਚ ਦੇ ਹੁਕਮ

ਜਲੰਧਰ, 23 ਨਵੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਝੋਨੇ ਦੀ ਖ਼ਰੀਦ ਅਤੇ ਸ਼ੈਲਰਾਂ ਵਿਚਲੇ ਸਟਾਕ ਬਾਰੇ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਪਹਿਲਾਂ ਝੋਨੇ ਦੀ ਪੜਤਾਲ ਕਰ ਕੇ ਭੇਜੀਆਂ ਰਿਪੋਰਟਾਂ ਉੱਤੇ ਸ਼ੱਕ ਹੋਣ ਕਾਰਨਜ਼ਿਲ੍ਹਾ ਅਧਿਕਾਰੀਆਂ ਨੂੰ ਫਿਰ ਪਹਿਲੀ ਜਾਂਚ ਵਾਲੇ ਸ਼ੈਲਰਾਂ ਵਿੱਚ ਚੋਣਵੇਂ ਛਾਂਟ ਕੇ ਪੜਤਾਲ ਕਰਨ ਦੇ ਹੁਕਮ ਦਿੱਤੇ ਹਨ ਅਤੇ ਕਿਹਾ ਹੈ ਕਿ ਅਜਿਹੀ ਪੜਤਾਲ ਤੁਰੰਤ ਆਰੰਭ ਕਰਕੇ ਇੱਕ ਹਫ਼ਤੇ ਵਿੱਚ ਵਿਸਥਾਰਤ ਰਿਪੋਰਟਾਂ ਭੇਜੀਆਂ ਜਾਣ।



ਪ੍ਰਿੰਸੀਪਲ ਸੈਕਟਰੀ ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਭੇਜੇ ਪੱਤਰ ਵਿੱਚ ਹਦਾਇਤ ਕੀਤੀ ਗਈ ਹੈ ਕਿ ਰਾਈਸ ਮਿੱਲਾਂ ਵਿੱਚ ਲੱਗੇ ਝੋਨੇ ਦੇ ਭੰਡਾਰ ਦੀ ਪੂਰੀ ਪੜਤਾਲ ਲਈ ਬਣਾਈਆਂ ਵੱਖ-ਵੱਖ ਟੀਮਾਂ ਵੱਲੋਂ ਕੀਤੀਆਂ ਪੜਤਾਲਾਂ ਦੀ ਚੈਕਿੰਗ ਲਈ ਨਵੇਂ ਤਰੀਕੇ ਮੁਤ-ਾਬਿਕ ਫਿਰ ਪੜਤਾਲ ਆਰੰਭ ਕੀਤੀ ਜਾਵੇ। ਵਰਨਣਯੋਗ ਹੈ ਕਿ ਮੀਡੀਆ ਨੇ ਝੋਨੇ ਦੀ ਖ਼ਰੀਦ ਵਿੱਚ ਵੱਡੇ ਘਪਲੇ ਦੀਆਂ ਰਿਪੋਰਟਾਂ ਛਪੀਆਂ ਅਤੇ ਬਹੁਤ ਸਾਰੇ ਤੱਥ ਜ਼ਾਹਰ ਹੋਏ ਸਨ, ਪਰ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਕਰਵਾਈ ਜਾਂਚ ਵਿੱਚ ਸਾਰੇ ਪੰਜਾਬ ਵਿੱਚ ਕਿਸੇ ਕਿਸਮ ਦੀ ਉਣਤਾਈ ਜਾਂ ਘਪਲਾ ਨਾ ਹੋਣ ਦੀ ਗੱਲ ਕਹੀ ਗਈ ਸੀ ਅਤੇ ਕੁਝ ਥਾਵਾਂ ਉਪਰ ਸ਼ੈਲਰਾਂ ’ਚ ਸਟਾਕ ਵੱਧ-ਘੱਟ ਹੋਣ ਨੂੰ ਤਕਨੀਕੀ ਉਣਤਾਈ ਦੱਸਿਆ ਗਿਆ ਸੀ। ਪਤਾ ਲੱਗਾ ਹੈ ਕਿ ਇਸੇ ਕਾਰਨ ਅਧਿਕਾਰੀਆਂ ਵੱਲੋਂ ਕੀਤੀ ਝੋਨੇ ਦੀ ਪੜਤਾਲ ਵਿੱਚੋਂ ਚੋਣਵੇਂ ਸ਼ੈਲਰ ਛਾਂਟਕੇ ਉਨ੍ਹਾਂ ਦੀ ਚੈਕਿੰਗ ਦਾ ਫ਼ੈਸਲਾ ਕੀਤਾ ਗਿਆ ਹੈ। ਜਾਰੀ ਕੀਤੇ ਗਏ ਪੱਤਰ ਵਿੱਚ ਨਿਰਦੇਸ਼ ਦਸਦਿਆਂ ਜ਼ਿਲ੍ਹਾ ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਪਹਿਲਾਂ ਜ਼ਿਲ੍ਹੇ ਦੇ ਸਾਰੇ ਸ਼ੈਲਰਾਂ ਦੀ ਅੰਗਰੇਜ਼ੀ ਅਲਫਾਬੈਟ ਮੁਤਾਬਿਕ ਸੂਚੀ ਬਣਾਈ ਜਾਵੇ ਤੇ ਫਿਰ ਇਨ੍ਹਾਂ ’ਚੋਂ ਹਰ ਗਿਆਰਵੇਂ ਸ਼ੈਲਰ (ਭਾਵ 11, 22, 33) ਦੀ ਜਾਂਚ ਕੀਤੀ ਜਾਵੇ। ਇਨ੍ਹਾਂਸ਼ੈਲਟਾਂ ਵਿੱਚੋਂ 9 ਫ਼ੀਸਦੀ ਦੀ ਜਾਂਚਡਿਪਟੀ ਕਮਿਸ਼ਨਰਤੋਂ ਹੇਠਲੇ ਰੈਂਕ ਦੇ ਆਈ ਏ ਐਸ ਅਤੇ ਪੀ ਸੀ ਐਸ ਅਧਿਕਾਰੀ ਕਰਨਗੇ। ਇੱਕ ਫ਼ੀਸਦੀ ਦੀ ਜਾਂਚ ਡਿਪਟੀ ਕਮਿਸ਼ਨਰ ਅਤੇ ਕਮਿਸ਼ਨਰ ਕਰਨਗੇ, ਬਾਕੀ ਇੱਕ ਫ਼ੀਸਦੀ ਦੀ ਪੜਤਾਲ ਇੰਚਾਰਜ ਸੈਕਟਰੀ ਕਰਨਗੇ। ਇਹੀ ਤਰੀਕਾ ਖ਼ਰੀਦ ਮੰਡੀਆਂ ਉਪਰ ਲਾਗੂ ਹੋਵੇਗਾ। ਕਈ ਕਿਸਾਨ ਆਗੂਆਂ ਨੇ ਪਹਿਲਾਂ ਵਾਲੀਆਂ ਰਿਪੋਰਟਾਂ ਦੀ ਜਾਂਚ ਉਨ੍ਹਾਂ ਹੀ ਅਧਿਕਾਰੀਆਂ ਤੋਂ ਮੁੜ ਕਰਵਾਏ ਜਾਣ ਦੇ ਫ਼ੈਸਲੇ ਦੀ ਆਲੋਚਨਾ ਕੀਤੀ ਹੈ।

# ਦਾਦੀ ਦੀ ਇੱਛਾ ਖਾਤਰ ਹੈਲੀਕਾਪਟਰ ਉੱਤੇ ਲਾੜੀ ਲਿਆਂਦੀ

ਲਾਲੜੂ, 23 ਨਵੰਬਰ (ਪੋਸਟ ਬਿਊਰੋ)- ਇਥੋਂ ਨੇੜਲੇ ਪਿੰਡ ਬਸੌਲੀ ਦੇ ਵਾਸੀ ਜ਼ਿਲ੍ਹਾ ਪ੍ਰੀਸ਼ਦ ਮੁਹਾਲੀ ਦੇ ਸਾਬਕਾ ਵਾਈਸ ਚੇਅਰਮੈਨ ਗੁਰਵਿੰਦਰ ਸਿੰਘ ਬਸੌਲੀ ਨੇ ਆਪਣੀ ਮਾਤਾ ਮਰਹੂਮ ਹਰਜੀਤ ਕੌਰ ਦੀ ਇੱਛਾ ਪੂਰੀ ਕਰਦਿਆਂ ਆਪਣੇ ਲੜਕੇ ਨੂੰ ਵਿਆਹੁਣ ਲਈ ਡੋਲੀ ਵਾਲੀ ਕਾਰ ਦੀ ਥਾਂ ਹੈਲੀਕਾਪਟਰ ਰਾਹੀਂ ਭੇਜਿਆ।



ਮਿਲੀ ਸੂਚਨਾ ਮੁਤਾਬਕ ਨੰਬਰਦਾਰ ਹਰਨੇਕ ਸਿੰਘ ਦੇ ਪੋਤੇ ਅਮਨਪ੍ਰੀਤ ਸਿੰਘ ਦੀ ਬਾਰਾਤ 19 ਨਵੰਬਰ ਨੂੰ ਸਵੇਰੇ 10.30 ਵਜੇ ਪਿੰਡ ਬਸੌਲੀ ਤੋਂਚੱਲੀ, ਜਿਸ ਲਈ ਕਾਰ ਦੀ ਥਾਂ ਦੇਹਰਾਦੂਨ ਤੋਂ ਕਿਸੇ ਪ੍ਰਾਈਵੇਟ ਕੰਪਨੀ ਦਾ ਹੈਲੀਕਾਪਟਰ ਲਿਆਂਦਾ ਗਿਆ। ਹੈਲੀਕਾਪਟਰ ਬਰਾਤ ਲੈ ਕੇ ਬਸੌਲੀ ਦੇ ਫਾਰਮ ਹਾਊਸ ਤੋਂ ਉਡਿਆ ਅਤੇ ਪੰਜ ਮਿੰਟ ਵਿੱਚ ਜ਼ੀਰਕਪੁਰ ਦੇ ਏ ਕੇ ਐਮ ਰਿਜ਼ੋਰਟ ਦੀ ਪਾਰਕਿੰਗ ਵਿੱਚ ਲੈਂਡ ਕਰ ਲਿਆ। ਫਿਰ ਵਿਆਹ ਦੇ ਬਾਅਦ ਸ਼ਾਮ ਨੂੰ ਲਾੜੀ ਨਵਜੋਤ ਕੌਰ, ਜਿਹੜੀ ਪਾਵਰਕਾਮ ਦੇ ਐਸ ਈ, ਬੀ ਐਸ ਮਾਨ ਵਾਸੀ ਬਠਿੰਡਾ ਦੀ ਪੁੱਤਰੀ ਹੈ, ਨੂੰ ਜ਼ੀਰਕਪੁਰ ਤੋਂ ਲੈ ਕੇ ਵਾਪਸ ਬਸੌਲੀ ਵਿਖੇ ਪੰਜ ਮਿੰਟ ਵਿੱਚ ਪਹੁੰਚ ਗਿਆ।ਲਾੜੇ ਦੇ ਪਿਤਾ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਮਾਤਾ ਹਰਜੀਤ ਕੌਰ 2001 ਵਿੱਚ ਗੁਜ਼ਰ ਗਏ ਸਨ, ਜਿਨ੍ਹਾਂ ਦੀ ਇੱਛਾ ਸੀ ਕਿ ਉਹ ਆਪਣੇ ਪੋਤੇ ਨੂੰ ਜਹਾਜ਼ ਰਾਹੀਂ ਵਿਆਹ ਕੇ ਲਿਆਵੇਗੀ। ਇਸ ਇੱਛਾ ਨੂੰ ਪੂਰਾ ਕਰਨ ਲਈ ਪਰਵਾਰ ਨੇ ਵਿਆਹ ਲਈ ਹੈਲੀਕਾਪਟਰ ਦਾ ਪ੍ਰਬੰਧ ਕੀਤਾ।

### ਬਿਆਸ ਪਿੰਡ ਨੇੜੇ ਹਾਦਸਾ:

# ਦੋ ਕਾਰਾਂ ਸੜਕ ਦਾ ਡਿਵਾਈਡਰ ਟੱਪ ਕਰ ਕੇ ਟਰੈਕਟਰ-ਟਰਾਲੀ ਨੂੰ ਜਾ ਵੱਜੀਆਂ

ਜਲੰਧਰ, 23 ਨਵੰਬਰ (ਪੋਸਟ ਬਿਊਰੋ)- ਜਲੰਧਰ-ਪਠਾਨਕੋਟ ਹਾਈਵੇ ਉੱਤੇ ਬਿਆਸ ਪਿੰਡ ਨੇੜੇ ਕੱਲ੍ਹ ਦੁਪਹਿਰ ਦੋ ਤੇਜ਼ ਰਫਤਾਰ ਕਾਰਾਂ ਬੇਕਾਬੂ ਹੋ ਕੇ ਡਿਵਾਈਡਰ ਟੱਪ ਕੇ ਟਰੈਕਟਰ-ਟਰਾਲੀ ਨੂੰ ਜਾ ਵੱਜੀਆਂ, ਜਿਸ ਨਾਲ ਟਰੈਕਟਰ ਡਰਾਈਵਰ ਹੇਠਾਂ ਡਿੱਗ ਪਿਆ। ਜਿਸ ਦੀ ਬਾਅਦ ’ਚ ਹਸਪਤਾਲ ਵਿੱਚ ਮੌਤ ਹੋ ਗਈ।




ਪਤਾ ਲੱਗਾ ਹੈ ਕਿ ਕੱਲ੍ਹ ਦੁਪਹਿਰੇ ਭੋਗਪੁਰ ਵੱਲੋਂ ਤੇਜ਼ ਰਫਤਾਰ ਫੋਰਡ ਫਿਗੋ ਤੇ ਵਰਨਾ ਜਲੰਧਰ ਵੱਲ ਇੱਕ ਦੇ ਪਿੱਛੇ ਦੂਸਰੀ ਜਾ ਰਹੀਆਂ ਸਨ। ਟੱਕਰ ਨਾਲ ਟਰੈਕਟਰ-ਟਰਾਲੀ ਡਰਾਈਵਰ ਬਲਵੀਰ ਸਿੰਘ (39) ਪਿੰਡ ਬਿਆਸ ਸੜਕ ’ਤੇ ਡਿੱਗ ਪਿਆ ਤੇ ਗੰਭੀਰ ਜ਼ਖਮੀ ਹੋ ਗਿਆ। ਲੋਕਾਂ ਨੇ ਉਸ ਨੂੰ ਸਿਵਲ ਹਸਪਤਾਲ ਕਾਲਾ ਬੱਕਰਾ ਲਿਆਂਦਾ, ਜਿੱਥੋਂ ਉਸ ਨੂੰ ਜਲੰਧਰ ਦੇ ਨਿੱਜੀ ਹਸਪਤਾਲ ਰੈਫਰ ਕਰ ਦਿੱਤਾ ਗਿਆ ਅਤੇ ਉਥੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਫੋਰਡ ਕਾਰ ਦੇ ਡਰਾਈਵਰ ਸਰਬਜੀਤ ਸਿੰਘ ਵਾਸੀ ਕਪੂਰਥਲਾ, ਉਸ ਦੀ ਭੈਣ ਵਾਲ-ਵਾਲ ਬਚ ਗਏ, ਜਦ ਕਿ ਪਤਨੀ ਅਤੇ ਦੋ ਬੱਚੇ ਜ਼ਖਮੀ ਹੋ ਗਏ। ਉਨ੍ਹਾਂ ਨੂੰ ਨਿੱਜੀ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਵਰਨਾ ਕਾਰ ਡਰਾਈਵਰ ਭਜਨ ਸਿੰਘ ਤੇ ਮੇਜਰ ਸਿੰਘ ਵਾਸੀ ਮੇਵਾ ਮਿਆਣੀ ਦਸੂਹਾ ਦਾ ਬਚਾਅ ਹੋ ਗਿਆ। ਸੂਚਨਾ ਮਿਲਣ ’ਤੇ ਅਲਾਵਲਪੁਰ ਚੌਕੀ ਦੇ ਏ ਐਸ ਆਈ ਰਾਜੇਸ਼ ਘਟਨਾ ਵਾਲੀ ਥਾਂ ’ਤੇ ਪਹੁੰਚੇ। ਉਨ੍ਹਾਂ ਨੇ ਨੁਕਸਾਨੇ ਵਾਹਨਾਂ ਨੂੰ ਸਾਈਡ ’ਤੇ ਕਰਵਾ ਕੇ ਜਾਮ ਖੁੱਲ੍ਹਵਾਇਆ। ਪੁਲਸ ਨੇ ਵਾਹਨਾਂ ਨੂੰ ਕਬਜ਼ੇ ਵਿੱਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸਕਾਰਪੀਓ ਵੱਲੋਂ ਕੈਬ ਨੂੰ ਟੱਕਰ ਨਾਲ ਦੋ ਮੌਤਾਂ, ਦੋ ਜ਼ਖਮੀ

ਖੂਈਆਂ ਸਰਵਰ, 23 ਨਵੰਬਰ (ਪੋਸਟ ਬਿਊਰੋ)- ਜ਼ੀਰਕਪੁਰ ਨੇੜੇ ਏਅਰ ਪੋਰਟ ਚੌਕ ’ਚ ਤੇਜ਼ ਰਫਤਾਰ ਸਕਾਰਪੀਓ ਦੀ ਟੱਕਰ ਨਾਲ ਅਬੋਹਰ ਤੋਂਚੰਡੀਗੜ੍ਹ ਜਾਂਦੇ ਆਲਟੋ ਸਵਾਰ ਦੋ ਨੌਜਵਾਨਾਂ ਦੀ ਮੌਤ ਹੋ ਗਈ ਅਤੇ ਦੋ ਜਣੇ ਗੰਭੀਰ ਜ਼ਖਮੀ ਹੋ ਗਏ। ਥਾਣਾ ਜ਼ੀਰਕਪੁਰ ਦੀ ਪੁਲਸ ਇਸ ਘਟਨਾ ਦੀ ਜਾਂਚ ਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਅਬੋਹਰ ਦਾ ਨੀਰਜ ਸਚਦੇਵਾ ਚੰਡੀਗੜ੍ਹ ਵਿੱਚ ਨੌਕਰੀ ਕਰਦਾ ਸੀ। ਕੱਲ੍ਹ ਰਾਤ ਉਸ ਨੇ ਚੰਡੀਗੜ੍ਹ ਜਾਣ ਲਈ ਮੋਬਾਈਲ ਐਪ ਰਾਹੀਂ ਮਾਰੂਤੀ ਆਲਟੋ ਕੈਬ ਦੀ ਬੁਕਿੰਗ ਕੀਤੀ ਸੀ। ਇਸ ਦੌਰਾਨ ਪ੍ਰੇਮਨਗਰ ਵਾਸੀ ਈਸ਼ੂ ਮਦਾਨ ਵੀ ਚੰਡੀਗੜ੍ਹ ਜਾਣ ਲਈ ਉਸ ਕੈਬ ਵਿੱਚ ਚੜ੍ਹ ਗਿਆ। ਅਬੋਹਰ ਤੋਂ ਬਠਿੰਡਾ ਦੇ ਰਸਤੇ ਗਿੱਦੜਬਾਹਾ ਵਾਸੀ ਬੰਟੀ ਨੇ ਵੀ ਉਸ ਕੈਬ ਨੂੰ ਚੰਡੀਗੜ੍ਹ ਲਈ ਬੁੱਕ ਕਰ ਲਿਆ। ਕੱਲ੍ਹ ਸਵੇਰੇ ਉਕਤ ਆਲਟੋ ਕਾਰ ਜ਼ੀਰਕਪੁਰ ਦੇ ਨੇੜੇ ਏਅਰ ਪੋਰਟ ਚੌਕ ਦੀਆਂ ਰੈਡ ਲਾਈਟਾਂ ’ਤੇ ਖੜ੍ਹੀ ਸੀ ਕਿ ਪਿੱਛੋਂ ਆਈ ਕਾਲੇ ਰੰਗ ਦੀ ਤੇਜ਼ ਰਫਤਾਰ ਸਕਾਰਪੀਓ ਡਿਵਾਈਡਰ ਨਾਲ ਟਕਰਾ ਕੇ ਆਲਟੋ ਵਿੱਚ ਜਾ ਵੱਜੀ। ਹਾਦਸੇ ਵਿੱਚ ਆਲਟੋ ਸਵਾਰ ਨੀਰਜ ਸਚਦੇਵਾ ਨੰਦੂ ਤੇ ਗਿੱਦੜਬਾਹਾ ਵਾਸੀ ਬੰਟੀ ਦੀ ਮੌਤ ਹੋ ਗਈ, ਜਦ ਕਿ ਅਬੋਹਰ ਵਾਸੀ ਈਸ਼ੂ ਮਦਾਨ ਅਤੇ ਆਲਟੋ ਡਰਾਈਵਰ ਜ਼ਖਮੀ ਹੋ ਗਏ।

# ਲਾੜੇ ਦਾ ਰੰਗ ਕਾਲਾ ਦੱਸ ਕੇ ਕੁੜੀ ਵਾਲਿਆਂ ਨੇ ਬਰਾਤ ਮੋੜੀ

ਅੰਮ੍ਰਿਤਸਰ, 23 ਨਵੰਬਰ (ਪੋਸਟ ਬਿਊਰੋ)- ਵਿਆਹ ਦੇ ਚਾਅ ਵਿੱਚ ਸਾਰੀਆਂ ਰਸਮਾਂ ਪੂਰੀਆਂ ਕਰ ਕੇ ਸਿਰ ’ਤੇ ਸਿਹਰਾ ਬੰਨ੍ਹਕੇ ਬੈਂਡ ਵਾਜੇ ਨਾਲ ਲਾੜਾ ਬਰਾਤ ਲੈ ਕੇ ਲੜਕੀ ਵਾਲਿਆਂ ਦੇ ਘਰ ਗਿਆ, ਪਰ ਉਥੇ ਜਿਨ੍ਹਾਂ ਲੋਕਾਂ ਨੇ ਉਸ ਦਾ ਫੁੱਲਾਂ ਨਾਲ ਸਵਾਗਤ ਕਰਨਾ ਸੀ ਉਹੀ ਹਥਿਆਰ ਲੈ ਕੇ ਖੜੇ ਸਨ। ਉਨ੍ਹਾਂ ਨੇ ਬਰਾਤ ਦਾ ਸਵਾਗਤ ਕਰਨ ਦੀ ਬਜਾਏ ਸਾਰਿਆਂ ਨੂੰ ਭਜਾ ਦਿੱਤਾ। ਇਸ ਦੇ ਬਾਅਦ ਸਿਰ ’ਤੇ ਸਿਹਰਾ ਬੰਨ੍ਹੀ ਗਲੇ ਵਿੱਚ ਨੋਟਾਂ ਦੇ ਹਾਰ ਪਹਿਨੇ ਲਾੜਾ ਅਤੇ ਬਰਾਤੀ ਪੁਲਸ ਚੌਕੀ ਵਿੱਚ ਪਹੁੰਚੇ ਅਤੇ ਲੜਕੀ ਵਾਲਿਆਂ ਦੇ ਖਿਲਾਫ ਸ਼ਿਕਾਇਤ ਕੀਤੀ। ਲਾੜੇ ਦਾ ਕਹਿਣਾ ਹੈ ਕਿ ਲੜਕੀ ਵਾਲਿਆਂ ਨੇ ਉਸ ਦਾ ਰੰਗ ਕਾਲਾ ਦੱਸ ਕੇ ਉਸ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ ਹੈ।




ਹਰਪਾਲ ਸਿੰਘ ਪੁੱਤਰ ਵੀਰ ਸਿੰਘ ਪਿੰਡ ਚਿਵੜਾ ਕਲਾਂ ਤਹਿਸੀਲ ਅਜਨਾਲਾ ਨੇ ਦੱਸਿਆ ਕਿ ਅਪ੍ਰੈਲ 2020 ਨੂੰ ਉਸ ਦੀ ਮੰਗਣੀ ਕਰਮਜੀਤ ਕੌਰ ਪੁੱਤਰੀ ਗੁਲਜ਼ਾਰ ਸਿੰਘ ਪਿੰਡ ਚੱਕ ਮੁਕੰਦ ਨਾਲ ਹੋਈ ਸੀ। ਇਸ ਦੇ ਬਾਅਦ ਲੜਕੀ ਦੇ ਨਾਲ ਉਸ ਦੀ ਮੋਬਾਈਲ ਉੱਤੇ ਗੱਲ ਹੁੰਦੀ ਰਹਿੰਦੀ ਸੀ। ਫਿਰ ਵਿਆਹ ਦੀ ਤਰੀਕ ਤੈਅ ਹੋਈ। ਖੁਦ ਲੜਕੀ ਨੇ ਉਸ ਦੇ ਪਰਵਾਰ ਨਾਲ ਮਿਲ ਕੇ ਆਪਣੇ ਵਿਆਹ ਲਈ 20000 ਦੀ ਸ਼ਾਪਿੰਗ ਕੀਤੀ। ਬੀਤੇ ਸ਼ਨੀਵਾਰ ਲੜਕੀ ਦੇ ਪਰਵਾਰ ਵਾਲੇ ਉਸ ਨੂੰ ਸ਼ਗਨ ਲਾਉਣ ਆਏ ਸਨ। ਉਨ੍ਹਾਂ ਨੇ ਸ਼ਗਨ ਦਾ ਪ੍ਰੋਗਰਾਮ ਮੈਰਿਜ ਪੈਲੇਸ ਵਿੱਚ ਕੀਤਾ ਸੀ। ਕੱਲ੍ਹ ਸਵੇਰੇ ਉਨ੍ਹਾਂ ਦੇ ਘਰ ਵਿਆਹ ਦੀਆਂ ਸਾਰੀਆਂ ਰਸਮਾਂ ਹੋਈਆਂ। ਫੁੱਲਾਂ ਨਾਲ ਸਜੀ ਲਗਜ਼ਰੀ ਗੱਡੀ ਵਿੱਚ ਬੈਠ ਕੇ ਜਦੋਂ ਲੜਕੀ ਦੇ ਪਿੰਡ ਪਹੁੰਚਿਆ ਤਾਂ ਉਥੇ ਵਿਆਹ ਵਰਗੇ ਮਾਹੌਲ ਦੀ ਥਾਂ ਲੜਕੀ ਦਾ ਭਰਾ ਤੇ ਕੁਝ ਹੋਰ ਲੋਕ ਹਥਿਆਰ ਲੈ ਕੇ ਖੜੇ ਸਨ ਅਤੇਉਨ੍ਹਾਂ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਬਰਾਤ ਸਮੇਤ ਵਾਪਸ ਮੋੜ ਦਿੱਤਾ। ਲਾੜਾ ਬਰਾਤ ਲੈ ਕੇ ਥਾਣਾ ਘਰਿੰਡਾ ਦੀ ਪੁਲਸ ਚੌਕੀ ਖਾਸਾ ਵਿਖੇ ਪੁਜਾ ਅਤੇ ਕੁੜੀ ਵਾਲਿਆਂ ਦੇ ਖਿਲਾਫ ਸ਼ਿਕਾਇਤ ਕੀਤੀ। ਉਸ ਦਾ ਕਹਿਣਾ ਹੈ ਕਿ ਲੜਕੀ ਅਜੇ ਵੀ ਉਸ ਨਾਲ ਵਿਆਹ ਕਰਨ ਲਈ ਤਿਆਰ ਹੈ, ਪਰ ਲੜਕੀ ਦਾ ਭਰਾ ਕਹਿੰਦਾ ਹੈ ਕਿ ਉਸ ਦਾ ਰੰਗ ਕਾਲਾ ਹੈ, ਇਸ ਲਈ ਵਿਆਹ ਨਹੀਂ ਹੋ ਸਕਦਾ। ਚੌਕੀ ਇੰਚਾਰਜ ਸਬ ਇੰਸਪੈਕਟਰ ਸੁਖਦੇਵ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਲੜਕੀ ਵਾਲਿਆਂ ਨਾਲ ਗੱਲ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੁਝ ਸਮਾਂ ਚਾਹੀਦਾ ਹੈ।

# ਪਤੀ ਵੱਲੋਂ ਕੁੱਟ-ਮਾਰ ਕਰਨ ਤੋਂ ਪ੍ਰੇਸ਼ਾਨ ਪਤਨੀ ਵੱਲੋਂ ਖੁਦਕੁਸ਼ੀ

ਨਕੋਦਰ, 23 ਨਵੰਬਰ (ਪੋਸਟ ਬਿਊਰੋ)- ਮੁੱਹਲਾ ਸ਼ੇਰਪੁਰਾ ਵਿਖੇ ਇੱਕ ਪਤੀ ਵੱਲੋਂਕੁੱਟਮਾਰਤੋਂ ਪ੍ਰੇਸ਼ਾਨ ਪਤਨੀ ਨੇ ਘਰ ’ਚ ਫਾਹਾ ਲਾ ਕੇ ਖ਼ੁਦਕੁਸ਼ੀ ਕਰ ਲਈ ਹੈ। ਪੁਲਸ ਨੇ ਮ੍ਰਿਤਕਾ ਦੇ ਭਰਾ ਦੇ ਬਿਆਨ ਦੇ ਆਧਾਰ ’ਤੇ ਧਾਰਾ 306 ਅਧੀਨ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਸਿਟੀ ਥਾਣਾ ਦੇ ਮੁਖੀ ਜਤਿੰਦਰ ਕੁਮਾਰ ਨੇ ਦੱਸਿਆ ਕਿ ਪਿੰਡ ਕੋਟਲੀ ਗਾਜਰਾਂ ਥਾਣਾ ਸ਼ਾਹਕੋਟ ਦੇ ਰਾਜਵਿੰਦਰ ਸਿੰਘ ਉਰਫ਼ ਰਵੀ ਪੁੱਤਰ ਵਿਜੇ ਕੁਮਾਰ ਨੇ ਦੱਸਿਆ ਕਿ ਉਹ ਮਿਹਨਤ ਮਜ਼ਦੂਰੀ ਕਰਦਾ ਹੈ। ਉਹ ਤਿੰਨ ਭਰਾ ਤੇ ਉਨ੍ਹਾਂ ਦੀ ਇੱਕ ਛੋਟੀ ਭੈਣ ਸੀ। ਭੈਣ ਸੁਨੀਤਾ ਉਰਫ ਸੰਦੀਪ ਮੁਹੱਲਾ ਸ਼ੇਰਪੁਰ ਨਕੋਦਰ ਦੁ ਰਣਜੀਤ ਉਰਫ਼ ਲਾਡੀ ਪੁੱਤਰ ਸਵਰਗੀ ਸੁਖਵਿੰਦਰ ਨਾਲ ਵਿਆਹੀ ਸੀ। ਉਨ੍ਹਾਂ ਦੇ ਦੋ ਲੜਕੇ ਹਨ। ਉਸ ਦਾ ਜੀਜਾ ਰਣਜੀਤ ਸਿੰਘ ਨਸ਼ੇ ਦਾ ਆਦੀ ਹੈ ਅਤੇ ਉਸ ਦੀ ਭੈਣ ਦੀ ਕੁੱਟਮਾਰ ਕਰਦਾ ਸੀ, ਜਿਸ ਬਾਰੇ ਪਹਿਲਾਂ ਮੋਹਤਬਰ ਵਿਅਕਤੀਆਂ ਨੇ ਉਨ੍ਹਾਂ ਦਾ ਜ਼ੁਬਾਨੀ ਰਾਜ਼ੀਨਾਮਾ ਕਰਵਾ ਦਿੱਤਾ ਸੀ।21 ਨਵੰਬਰ ਨੂੰ ਉਸ ਦੀ ਭੈਣ ਨੇ ਉਸ ਨੂੰ ਫੋਨ ’ਤੇ ਦੱਸਿਆ ਕਿ ਜੀਜਾ ਰਣਜੀਤ ਉਸ ਦੀ ਭੈਣ ਦੀ ਕੁੱਟਮਾਰ ਕਰ ਰਿਹਾ ਹੈ। ਉਸ ਨੇ ਆਪਣੀ ਭੈਣ ਸੁਨੀਤਾ ਨੂੰ ਫੋਨ ਕੀਤਾ ਤਾਂ ਕਿਸੇ ਨੇ ਫੋਨ ਨਹੀਂ ਚੁੱਕਿਆ। ਕੱਲ੍ਹ ਸਵੇਰੇ ਪਤਾ ਲੱਗਾ ਕਿ ਉਸ ਦੀ ਭੈਣ ਸੁਨੀਤਾ ਨੇ ਆਪਣੇ ਪਤੀ ਰਣਜੀਤ ਦੀ ਕੁੱਟਮਾਰ ਤੋਂ ਤੰਗ ਹੋ ਕੇ ਗਾਰਡਰ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ। ਪੁਲਸ ਨੇ ਸ਼ਿਕਾਇਤ ਦੇ ਆਧਾਰ ’ਤੇ ਧਾਰਾ 306 ਅਧੀਨ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

### ਮੱਛੀ ਪਾਲਣ ਸਬਸਿਡੀ :

# ਭਾਰਤ ਤੇ ਹੋਰ ਵਿਕਾਸਸ਼ੀਲ ਦੇਸ਼ਾਂ ਨੇ ਗਰੀਬ ਮਛੇਰਿਆਂ ਲਈ ਪੂਰੀ ਛੋਟ ਮੰਗੀ



ਨਵੀਂ ਦਿੱਲੀ, 23 ਨਵੰਬਰ (ਪੋਸਟ ਬਿਊਰੋ)- ਭਾਰਤ ਸਮੇਤ ਕੁਝ ਵਿਕਾਸਸ਼ੀਲ ਦੇਸ਼ਾਂ ਨੇ ਸਮੁੰਦਰੀ ਹੱਦਾਂ ਵਿੱਚ ਗਰੀਬ ਮਛੇਰਿਆਂ ਵੱਲੋਂ ਮੱਛੀ ਫੜਨ ਦੀਆਂ ਗ਼ੈਰ-ਨਿਯਮਿਤ ਅਤੇ ਗ਼ੈਰ-ਐਲਾਨੀਆਂ ਗਤੀਵਿਧੀਆਂ ਬਾਰੇ ਨਿਯਮਾਂ ਤੋਂ ਪੂਰੀ ਤਰ੍ਹਾਂ ਛੋਟ ਦੀ ਮੰਗ ਕੀਤੀ ਹੈ। ਇਸ ਮਾਮਲੇ ’ਤੇ ਇਸ ਸਮੇਂ ਵਿਸ਼ਵ ਵਪਾਰ ਸੰਗਠਨ (ਡਬਲਯੂ ਟੀ ਓ) ਵਿੱਚ ਚਰਚਾ ਚੱਲ ਰਹੀ ਹੈ ਤਾਂ ਕਿ ਮੱਛੀ ਪਾਲਣ ਸਬਸਿਡੀ ਨੂੰ ਨਿਯਮਾਂ ਦੇ ਤਹਿਤ ਲਿਆਂਦਾ ਜਾ ਸਕੇ।

ਇਨ੍ਹਾਂ ਦੇਸ਼ਾਂ ਨੇ ਵਿਸ਼ੇਸ਼ ਆਰਥਿਕ ਖੇਤਰਾਂ (ਈ ਈ ਜੈਡ) ਵਿੱਚ ਮੱਛੀ ਫੜਨ ਦੀਆਂ ਗਤੀਵਿਧੀਆਂ ਉਤੇ ਸਬਸਿਡੀ ਨੂੰ ਰੋਕਣ ਬਾਰੇ ਨਿਯਮਾਂ ਨੂੰ ਲਾਗੂ ਕਰਨ ਲਈ ਵੱਧ ਸਮੇਂ ਦੀ ਮੰਗ ਕੀਤੀ ਹੈ, ਜਿਨ੍ਹਾਂ ਨੂੰ ਗੱਲਬਾਤ ਤੋਂ ਬਾਅਦ ਅੰਤਮ ਰੂਪ ਦਿੱਤਾ ਜਾਏਗਾ।ਇੱਕ ਸੂਤਰ ਨੇ ਦੱਸਿਆ ਕਿ ਡਬਲਯੂ ਟੀ ਓ ਦੇ ਇਹ ਦੇਸ਼ ਡੂੰਘੇ ਸਮੁੰਦਰ ਐ ਗ਼ੈਰ-ਕਾਨੂੰਨੀ ਮੱਛੀ ਫੜਨ ਦੀਆਂ ਸਮਗਰਮੀਆਂ ਲਈ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਨੂੰ ਤਿਆਰ ਹਨ। ਡਬਲਯੂ ਟੀ ਓ ਦੇ ਮੈਂਬਰ ਦੇਸ਼ਾਂ ਵਿਚਾਲੇ ਚੱਲਦੀ ਗੱਲਬਾਤ ਦਾ ਟੀਚਾ ਮੱਛੀ ਪਾਲਣ ਖੇਤਰ ’ਚ ਸਬਸਿਡੀ ਨੂੰ ਅਨੁਸ਼ਾਸਿਤ ਕਰਨਾ ਅਤੇ ਆਈ ਯੂ ਯੂ (ਨਾਜਾਇਜ਼, ਬਿਨਾਂ ਲਾਇਸੰਸ ਅਤੇ ਅਨਿਯਮਿਤ) ਮੱਛੀ ਫੜਨ ’ਤੇ ਰੋਕ ਲਾਉਣਾ ਹੈ। ਭਾਰਤ ਨੇ ਕਿਹਾ ਕਿ ਜਿਨ੍ਹਾਂ ਦੇਸ਼ਾਂ ਨੇ ਮੱਛੀ ਫੜਨ ਲਈ ਭਾਰੀ ਸਬਸਿਡੀ ਦਿੱਤੀ ਹੈ, ਉਨ੍ਹਾਂ ਨੂੰ ਸਭ ਤੋਂ ਪਹਿਲਾਂ ਇਨ੍ਹਾਂ ਹਾਨੀਕਾਰਕ ਉਪਾਅ ਨੂੰ ਖ਼ਤਮ ਕਰਨ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਸੂਤਰਾਂ ਨੇ ਕਿਹਾ ਕਿ ਡਬਲਯੂ ਟੀ ਓ ਦੇ ਨਿਯਮਾਂ ਨਾਲ ਉਨ੍ਹਾਂ ਗਰੀਬ ਮਛੇਰਿਆਂ ’ਤੇ ਬੋਝ ਨਹੀਂ ਪੈਣਾ ਚਾਹੀਦਾ ਜੋ ਇਸ ਖੇਤਰ ਤੋਂ ਆਪਣੀ ਰੋਜ਼ੀ-ਰੋਟੀ ਚਲਾ ਰਹੇ ਹਨ।

# ਨਰਸ ਭਰਤੀ ਲਈ 80 ਫੀਸਦੀ ਰਿਜ਼ਰਵੇਸ਼ਨ ਕੇਂਦਰੀ ਪ੍ਰਸ਼ਾਸਨਿਕ ਟ੍ਰਿਬਿਊਨਲ ਨੇ ਠੀਕ ਮੰਨੀ

ਨਵੀਂ ਦਿੱਲੀ, 23 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਪ੍ਰਸ਼ਾਸਨਿਕ ਟ੍ਰਿਬਿਊਨਲ (ਕੈਟ) ਨੇ ਇੱਕ ਲੰਮੇ ਸਮੇਂ ਦੇ ਨਤੀਜਿਆਂ ਵਾਲਾ ਫੈਸਲਾ ਕਰਦੇ ਹੋਏ ਆਲ ਇੰਡੀਆ ਮੈਡੀਕਲ ਇੰਸਟੀਚਿਊਟ (ਏਮਜ਼) ਵਿੱਚ ਨਰਸ ਭਾਰਤੀ ਦੇ ਮਾਮਲੇ ਵਿੱਚ ਅੱਸੀ ਫੀਸਦੀ ਮਹਿਲਾ ਰਾਖਵਾਂਕਰਨ ਨੂੰ ਸਹੀ ਠਹਿਰਾਇਆ ਹੈ।

ਕੈਟ ਨੇ ਮੰਨਿਆ ਹੈ ਕਿ ਸਰਕਾਰੀ ਨੌਕਰੀਆਂ ਵਿੱਚ ਜਾਤੀ ਆਧਾਰ ਉਤੇ ਐਸ ਸੀ (ਸੂਚੀ ਦਰਜ ਜਾਤਾਂ ਅਤੇ ਓ ਬੀ ਸੀ (ਹੋਰ ਪਛੜੀਆਂ ਸ਼੍ਰੇਣੀਆਂ) ਦੇ ਰਾਖਵਾਂਕਰਨ ਦੀ ਤਜਵੀਜ਼ ਵਾਲੀ ਧਾਰਾ 16 (4) ਦੀ ਥਾਂ 15 (3) ਦਾ ਘੇਰਾ ਜ਼ਿਆਦਾ ਵੱਡਾ ਹੈ। ਇਸ ਹੁਕਮ ਵਿੱਚ ਕਿਹਾ ਗਿਆ ਹੈ ਕਿ ਏਮਜ਼ ਵਿੱਚ ਨਰਸਿੰਗ ਅਫਸਰ ਦੇ ਅੱਸੀ ਫੀਸਦੀ ਅਹੁਦੇ ਔਰਤਾਂ ਲਈ ਰਾਖਵੇਂਕਰਨ ਦਾ ਨਿਯਮ ਧਾਰਾ 15 (3) ਹੇਠ ਔਰਤਾਂ ਲਈ ਵਿਸ਼ੇਸ਼ ਤਜਵੀਜ਼ ਮੰਨੇ ਜਾਣਗੇ, ਜੋ ਵੱਖ ਕਲਾਸੀਫਿਕੇਸ਼ਨ ਹੈ ਅਤੇ ਜਾਇਜ਼ ਵੀ ਹੈ।ਏਮਜ਼ ਨਰਸਿੰਗ ਅਫਸਰ ਗਰੁੱਪ ਬੀ ਵਿੱਚ ਅੱਸੀ ਫੀਸਦੀ ਅਹੁਦੇ ਔਰਤਾਂ ਲਈ ਰਾਖਵੇਂ ਰੱਖਣ ਨੂੰ ਚੁਣੌਤੀ ਦੇਂਦੀਆਂ ਪਟੀਸ਼ਨਾਂ ਇਸ ਫੈਸਲੇ ਦੇ ਨਾਲ ਹੀ ਰੱਦ ਹੋ ਗਈਆਂ ਹਨ।



ਇਹ ਮਾਮਲਾ ਦਿੱਲੀ ਏਮਜ਼ ਅਤੇ ਹੋਰ ਨਵੇਂ ਏਮਜ਼ ਵਿੱਚ ਨਰਸਿੰਗ ਅਫਸਰ ਦੇ ਲਗਭਗ 4629 ਅਹੁਦਿਆਂ ਉਤੇ ਭਰਤੀ ਦਾ ਸੀ, ਜਿਸ ਬਾਰੇ ਏਮਜ਼ ਦੀ ਸੈਂਟਰਲ ਇੰਸਟੀਚਿਊਟ ਬਾਡੀ (ਸੀ ਆਈ ਬੀ) ਨੇ 27 ਜੁਲਾਈ 2019 ਨੂੰ ਹੋਈ ਇੱਕ ਮੀਟਿੰਗ ਵਿੱਚ ਏਮਜ਼ ਦੀ ਨਰਸਿੰਗ ਭਰਤੀ ਵਿੱਚ ਅੱਸੀ ਫੀਸਦੀ ਅਹੁਦੇ ਔਰਤਾਂ ਲਈ ਰਾਖਵਾਂ ਰੱਖਣ ਦਾ ਫੈਸਲਾ ਲਿਆ ਸੀ।ਕੈਟ ਨੇ ਸੁਪਰੀਮ ਕੋਰਟ ਦੇ ਵੱਖ-ਵੱਖ ਫੈਸਲਿਆਂ, ਵਿਸ਼ੇਸ਼ ਤੌਰ ਉੱਤੇ ਪੀ ਬੀ ਵਿਜੇ ਕੁਮਾਰ ਵਾਲੇ ਫੈਸਲੇ ਨੂੰ ਆਧਾਰ ਮੰਨਿਆ ਅਤੇ ਕੈਟ ਦੇ ਪਟਨਾ ਬੈਂਚ ਤੇ ਪਟਨਾ ਹਾਈ ਕੋਰਟ ਦੇ ਫੈਸਲੇ ’ਤੇ ਸਹਿਮਤੀ ਪ੍ਰਗਟਾਈ ਹੈ, ਜਿਸ ਨੇ ਇਸ ਤੋਂ ਪਹਿਲਾਂ ਪਟਨਾ ਏਮਜ਼ ਵਿੱਚ ਨਰਸ ਭਰਤੀ ਵਿੱਚ ਇਸੇ ਤਰ੍ਹਾਂ ਲਾਗੂ ਕੀਤੇ ਗਏ ਮਹਿਲਾ ਰਾਖਵਾਂਕਰਨ ਨੂੰ ਪੀ ਬੀ ਵਿਜੈ ਕੁਮਾਰ ਦੇ ਫੈਸਲੇ ਦੇ ਆਧਾਰ ਉਤੇ ਸਹੀ ਮੰਨਿਆ ਸੀ। ਏਮਜ਼ ਨਰਸਿਜ਼ ਯੂਨੀਅਨ ਅਤੇ ਹੋਰ ਪਟੀਸ਼ਨਰਾਂ ਨੇ ਅੱਸੀ ਫੀਸਦੀ ਮਹਿਲਾ ਰਾਖਵਾਂਕਰਨ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਸੀ ਕਿ ਇਹ ਸੁਪਰੀਮ ਕੋਰਟ ਦੇ ਇੰਦਰਾ ਸਾਹਨੀ ਫੈਸਲੇ ਵਿੱਚ ਤੈਅ ਕੀਤੀ ਗਈ ਰਾਖਵੇਂਕਰਨ ਦੀ ਪੰਜਾਹ ਫੀਸਦੀ ਹੱਦ ਦੀ ਉਲੰਘਣਾ ਹੈ। ਇਸ ਤੋਂ ਇਲਾਵਾ ਸੀ ਆਈ ਬੀ ਨੂੰ ਰਾਖਵਾਂਕਰਨ ਲਾਗੂ ਕਰਨ ਦਾ ਅਧਿਕਾਰ ਹੀ ਨਹੀਂ ਹੈ।ਏਮਜ਼ ਦੀ ਦਲੀਲ ਸੀ ਕਿ ਨਰਸਾਂ ਦੀ ਭਰਤੀ ਵਿੱਚ ਔਰਤਾਂ ਨੂੰ ਅੱਸੀ ਫੀਸਦੀ ਰਾਖਵਾਂਕਰਨ ਵਿੱਚ ਇੰਦਰਾ ਸਾਹਨੀ ਦਾ ਪੰਜਾਹ ਫੀਸਦੀ ਹੱਦ ਤੈਅ ਕਰਨ ਵਾਲਾ ਹੁਕਮ ਲਾਗੂ ਨਹੀਂ ਹੋਵੇਗਾ, ਕਿਉਂਕਿ ਔਰਤਾਂ ਲਈ ਅੱਸੀ ਫੀਸਦੀ ਰਾਖਵੇਂਕਰਨ ਦਾ ਅਧਿਕਾਰ ਧਾਰਾ 15 (3) ਦੇ ਤਹਿਤ ਹੈ, ਜਿਸ ਨੂੰ ਔਰਤਾਂ ਲਈ ਵਿਸ਼ੇਸ਼ ਤਜਵੀਜ਼ ਮੰਨਿਆ ਜਾਵੇਗਾ ਅਤੇ ਜਿਹੜਾ ਕਿ ਪੂਰੀ ਤਰ੍ਹਾਂ ਨਾਲ ਜਾਇਜ਼ ਹੈ।

# ਗੁਜਰਾਤ ਵਿੱਚ ਮਾਸਕ ਨਾ ਪਾਉਣ ਵਾਲਿਆਂ ਤੋਂ 5 ਮਹੀਨਿਆਂ ਵਿੱਚ 78 ਕਰੋੜ ਵਸੂਲੇ

ਅਹਿਮਦਾਬਾਦ, 23 ਨਵੰਬਰ (ਪੋਸਟ ਬਿਊਰੋ)- ਅਹਿਮਦਾਬਾਦ ਵਿੱਚ 57 ਘੰਟਿਆਂ ਦਾ ਕਰਫ਼ਿਊ ਦੁਬਾਰਾ ਲੱਗ ਗਿਆ ਹੈ। ਵਡੋਦਰਾ, ਰਾਜਕੋਟ ਅਤੇ ਸੂਰਤ ਵਿੱਚ 2 ਦਿਨ ਦਾ ਨਾਈਟ ਕਰਫ਼ਿਊ ਹੈ। ਇਸ ਸੂਬੇ ’ਚ 15 ਜੂਨ ਤੋਂ ਮਾਸਕ ਲਾਏ ਬਗੈਰ ਘੁੰਮਣ ਵਾਲੇ ਲੋਕਾਂ ਦੇ ਚਾਲਾਨ ਕੱਟ ਕੇ ਅੱਜ ਤੱਕ 26 ਲੱਖ ਲੋਕਾਂ ਤੋਂ 78 ਕਰੋੜ ਰੁਪਏ ਦਾ ਜ਼ੁਰਮਾਨਾ ਵਸੂਲਿਆ ਜਾ ਚੁੱਕਾ ਹੈ। ਇਹ ਰਕਮ ਸਟੇਚੂ ਆਫ਼ ਯੂਨਿਟੀ ਦੀ ਸਾਲ ਭਰ ਦੀ ਕਮਾਈ ਤੋਂ ਵੀ ਵੱਧ ਹੈ। ਗੁਜਰਾਤ ਦੇ ਕੇਵਡਿਆਂ ਵਿੱਚ 31 ਅਕਤੂਬਰ 2018 ਨੂੰ ਸਟੇਚੂ ਆਫ਼ ਯੂਨਿਟੀ ਦੀ ਸ਼ੁਰੂਆਤ ਹੋਈ ਸੀ ਅਤੇ ਓਥੇ ਲੱਖਾਂ ਸਾਲਾਨੀ ਸੈਰ-ਸਪਾਟੇ ਲਈ ਆਉਂਦੇ ਹਨ।ਇਸ ਤੋਂ ਬਾਅਦ ਇੱਕ ਸਾਲ ਦੌਰਾਨ, 31 ਅਕਤੂਬਰ 2019 ਤੱਕ ਓਥੇਟੂਰਿਸਟਾਂਤੋਂ 63.50 ਕਰੋੜ ਰੁਪਏ ਦੀ ਆਮਦਨੀ ਹੋਈ ਸੀ। ਗੁਜਰਾਤ ਸਰਕਾਰ ਅਤੇ ਪੁਲਸ-ਪ੍ਰਸ਼ਾਸਨ ਦੀਆਂ ਲਗਾਤਾਰ ਹਿਦਾਇਤਾਂ ਦੇ ਬਾਵਜੂਦ ਲੋਕ ਘਰੋਂ ਨਿਕਲਦੇ ਸਮੇਂ ਮਾਸਕ ਨਹੀਂ ਪਹਿਨਦੇ। ਅਹਿਮਦਾਬਾਦ ਸ਼ਹਿਰ ’ਚ ਹਰ ਮਿੰਟ 120 ਤੋਂ ਵੱਧ ਲੋਕ ਮਾਸਕ ਨਾ ਪਹਿਨਣ ਦਾ ਜ਼ੁਰਮਾਨਾ ਭਰਦੇ ਹਨ। ਲੋਕ ਮਾਸਕ ਪਾਉਣ, ਇਸ ਲਈ ਅਹਿਮਦਾਬਾਦ ਹਸਪਤਾਲ ਐਂਡ ਨਰਸਿੰਗ ਹੋਮ ਐਸੋਸ਼ੀਏਸ਼ਨ ਨੇ ਜ਼ੁਰਮਾਨੇ ਦੀ ਰਕਮ ਵਧਾਉਣ ਦੀ ਅਪੀਲ ਕੀਤੀ ਸੀ। ਸਰਕਾਰੀ ਗਾਈਡ ਲਾਈਨਾਂ ਮੁਤਾਬਕ ਕੋਰੋਨਾ ਤੋਂ ਬਚਣ ਲਈ ਬਾਹਰ ਨਿਕਲਦੇ ਸਮੇਂ ਮਾਸਕ ਲਾਉਣਾ ਜ਼ਰੂਰੀ ਹੈ ਅਤੇ ਇਸ ਲਈ ਸੂਬਾ ਸਰਕਾਰ ਨੇ ਨਾਗਰਿਕਾਂ ਨੂੰ ਸਸਤੇ ਮਾਸਕ ਮੁਹੱਈਆ ਕਰਵਾਏ ਹਨ।

ਅਮੂਲ ਮਿਲਕ ਪਾਰਲਰ ਵਿੱਚ 5 ਮਾਸਕ ਦਾ ਪੈਕੇਟ 10 ਰੁਪਏ ਦਾ ਮਿਲਦਾ ਹੈ। ਇਸ ਦੇ ਬਾਵਜੂਦ ਲੋਕ 2 ਰੁਪਏ ਦਾ ਮਾਸਕ ਪਾਉਣ ਲਈ ਤਿਆਰ ਨਹੀਂ। ਮਾਸਕ ਨਾ ਪਾਉਣ ਉਤੇ 1 ਹਜ਼ਾਰ ਰੁਪਏ ਦਾ ਜ਼ੁਰਮਾਨਾ ਹੈ। ਸੂਬੇ ਵਿੱਚ ਬਿਨਾਂ ਮਾਸਕ ਫੜੇ ਜਾਣ ’ਤੇ ਕੋਰੋਨਾ ਟੈਸਟ ਕਰਵਾਇਆ ਜਾਏਗਾ। ਜੇ ਰਿਪੋਰਟ ਨੈਗੇਟਿਵ ਆਉਂਦੀ ਹੈ ਤਾਂ 1 ਹਜ਼ਾਰ ਰੁਪਏ ਦਾ ਜ਼ੁਰਮਾਨਾ ਦੇਣਾ ਹੋਵੇਗਾ ਅਤੇ ਪਾਜ਼ੇਟਿਵ ਆਉਣ ’ਤੇ ਸਿੱਧਾ ਹਸਪਤਾਲ ਭੇਜ ਦਿੱਤਾ ਜਾਵੇਗਾ। ਕੋਰੋਨਾ ਅਨਲਾਕ ਦੇ ਨਿਯਮਾਂ ਦੀ ਪਾਲਣ ਕਰਾਉਣ ਲਈ ਪੁਲਸ ਮੁਲਾਜ਼ਮ ਤੈਨਾਤ ਹਨ ਅਤੇ ਮਿਊਂਸੀਪਲ ਕਾਰਪੋਰੇਸ਼ਨ ਨੇ ਵੀ 141 ਲੋਕਾਂ ਦੀ ਟੀਮ ਲਾਈ ਹੈ। ਇਸ ਟੀਮ ਮਾਸਕ ਨਾ ਪਾਉਣ ਅਤੇ ਜਨਤਕ ਥਾਵਾਂ ’ਤੇ ਥੁੱਕਣ ਵਾਲਿਆਂ ’ਤੇ ਕਾਰਵਾਈ ਕਰਦੀ ਹੈ।

# ਚਾਰ ਵਾਰ ਵਕੀਲਾਂ ਦੀ ਗ਼ੈਰ-ਹਜ਼ਾਰੀ ਉੱਤੇ ਪਟੀਸ਼ਨ ਰੱਦ ਕਰਨ ਦਾ ਫੈਸਲਾ ਰੱਦ



ਨਵੀਂ ਦਿੱਲੀ, 23 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸੁਣਵਾਈ ਦੌਰਾਨ ਚਾਰ ਵਾਰ ਵਕੀਲਾਂ ਦੇ ਗ਼ੈਰ-ਹਾਜ਼ਰ ਰਹਿਣ ਦੇ ਆਧਾਰ ਉਤੇ ਇੱਕ ਵਿਅਕਤੀ ਦੀ ਪਟੀਸ਼ਨ ਰੱਦ ਕਰਨ ਦੇ ਪੰਜਾਬ ਹਰਿਆਣਾ ਹਾਈਕੋਰਟ ਦੇ ਹੁਕਮ ਨੂੰ ਰੱਦ ਕਰਦੇ ਹੋਏ ਕਿਹਾ ਕਿ ਕਿਸੇ ਨਾਗਰਿਕ ਦੀ ਸੁੰਤਤਰਤਾ ਇਸ ਤਰ੍ਹਾਂ ਨਹੀਂ ਖੋਹੀ ਜਾ ਸਕਦੀ। ਸੁਪਰੀਮ ਕੋਰਟ ਨੇ ਟਿੱਪਣੀ ਕੀਤੀ ਕਿ ਅਦਾਲਤ ਨੇ ਪਟੀਸ਼ਨ ਰੱਦ ਕਰਕੇ ਸਪੱਸ਼ਟ ਗਲਤੀ ਕੀਤੀ ਹੈ ਅਤੇ ਉਸ ਨੂੰ ਕਾਨੂੰਨ ਤਹਿਤ ਦੋਸ਼ ਸਿੱਧੀ ਸਬੰਧੀ ਮਾਮਲੇ ਵਿੱਚ ਮਦਦ ਲਈ ਇੱਕ ਹੋਰ ਵਕੀਲ ਨੂੰ ਨਿਆਂ ਮਿੱਤਰ ਨਿਯੁਕਤ ਕਰਨਾ ਚਾਹੀਦਾ ਸੀ।

ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਇੰਦੂ ਮਲਹੋਤਰਾ ਅਤੇ ਜਸਟਿਸ ਇੰਦਰਾ ਬੈਨਰਜੀ ਦੀ ਬੈਂਚ ਨੇ 16 ਨਵੰਬਰ ਦੇ ਆਪਣੇ ਹੁਕਮ ਵਿੱਚ ਕਿਹਾ ਕਿ ਕਿਸੇ ਨਾਗਰਿਕ ਦੀ ਸੁਤੰਤਰਤਾ ਨੂੰ ਇਸ ਤਰ੍ਹਾਂ ਨਹੀਂ ਖੋਹਿਆ ਜਾ ਸਕਦਾ। ਕੋਰਟ ਨੇ ਪਟੀਸ਼ਨਰ ਦੀ ਅਰਜ਼ੀ ਪ੍ਰਵਾਨ ਕਰ ਲਈ ਅਤੇ ਹਾਈ ਕੋਰਟ ਦੇ 11 ਫਰਵਰੀ ਅਤੇ 16 ਜੁਲਾਈ ਦੇ ਹੁਕਮਾਂ ਨੂੰ ਲਾਂਭੇ ਕਰ ਦਿੱਤਾ। ਹਾਈ ਕੋਰਟ ਨੇ 11 ਫਰਵਰੀ ਨੂੰ ਪਟੀਸ਼ਨਰ ਦੀ ਦੋਸ਼ ਸਿੱਧੀ ਨੂੰ ਚੁਣੌਤੀ ਦੇਣ ਦੀ ਪਟੀਸ਼ਨ ਇਸ ਆਧਾਰ ’ਤੇ ਰੱਦਕਰ ਦਿੱਤੀ ਸੀ ਕਿ ਪਟੀਸ਼ਨਰ ਦਾ ਵਕੀਲ ਚਾਰ ਵਾਰ ਸੁਣਵਾਈ ਦੌਰਾਨ ਗ਼ੈਰ-ਹਾਜ਼ਰ ਰਿਹਾ। ਇਸ ਤੋਂ ਬਾਅਦ ਆਦਲਤ ਨੇ 16 ਜੁਲਾਈ ਨੂੰ ਪਟੀਸ਼ਨ ’ਤੇ ਫਿਰ ਸੁਣਵਾਈ ਕੀਤੇ ਜਾਣ ਦੀ ਬੇਨਤੀ ਰੱਦ ਕਰ ਦਿੱਤੀ ਅਤੇ ਕਿਹਾ ਸੀ ਕਿ ਇਸ ਦਾ ਕੋਈ ਆਧਾਰ ਨਹੀਂ ਹੈ। ਪਟੀਸ਼ਨਰ ਨੇ ਅਦਾਲਤ ਦੇ ਇਨ੍ਹਾਂ ਹੁਕਮਾਂ ਖ਼ਿਲਾਫ਼ ਆਪਣੇ ਵਕੀਲ ਐਮ ਕੇ ਘੋਸ਼ ਰਾਹੀਂ ਸੁਪਰੀਮ ਕੋਰਟ ਦਾ ਦਰ ਖੜਕਾਇਆ ਸੀ। ਪਟੀਸ਼ਨਰ ਨੂੰ ਜਨਵਰੀ 2015 ਵਿੱਚ ਇੱਕ ਮੈਜਿਸਟ੍ਰੇਰੀ ਅਦਾਲਤ ਨੇ ਹਥਿਆਰ ਕਾਨੂੰਨ ਦਾ ਦੋਸ਼ੀ ਠਹਿਰਾਇਆ ਅਤੇ 3 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਸੀ। ਸੈਸ਼ਨ ਅਦਾਲਤ ਨੇ ਜੁਲਾਈ 2017 ਵਿੱਚ ਉਸ ਦੀ ਦੋਸ਼ ਸਿੱਧੀ ਕਾਇਮ ਰੱਖੀ ਸੀ, ਜਿਸ ਤੋਂ ਬਾਅਦ ਉਸ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ।

### ਲਵ ਜੇਹਾਦ ਦਾ ਅਨੋਖਾ ਮਾਮਲਾ:

# ਦੂਸਰੇ ਧਰਮ ਦੇ ਨੌਜਵਾਨ ਨੇ ਲੜਕੀ ਦਾ ਧਰਮ ਆਪਣਾ ਕੇ ਵਿਆਹ ਕਰਾਇਆ

*** ਸਿਰਫ ਵਿਆਹ ਖਾਤਰ ਅਕਰਮ ਤੋਂ ਅਰਵਿੰਦ ਬਣਿਆ**

ਯਮਨਾਨਗਰ, 23 ਨਵੰਬਰ (ਪੋਸਟ ਬਿਊਰੋ)- ਭਾਰਤ ਵਿੱਚ ਜਦੋਂ ਧਰਮ ਪਰਿਵਰਤਨ ਬਾਰੇ ਬਹਿਸ ਚੱਲ ਰਹੀ ਹੈ ਅਤੇ ਕਈ ਰਾਜਾਂ ਵਿੱਚ ਇਸ ਦੇ ਖਿਲਾਫ ਕਾਨੂੰਨ ਬਣਾਉਣ ’ਤੇ ਵਿਚਾਰ ਹੋ ਰਿਹਾ ਹੈ, ਇਸੇ ਦੌਰਾਨ ਯਮਨਾਨਗਰ ਵਿੱਚ ਇਸ ਦੇ ਉਲਟ ਕੇਸਪਤਾ ਲੱਗਾ ਹੈ। ਇੱਕ ਨੌਜਵਾਨ ’ਤੇ ਦੂਸਰੇ ਫਿਰਕੇ ਦੀ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਅਗਵਾ ਕਰਨ ਦਾ ਦੋਸ਼ ਲੱਗਾ ਸੀ ਕਿ ਉਸ ਨੇ ਲੜਕੀ ਦਾ ਧਰਮ ਬਦਲ ਦਿੱਤਾ ਹੈ। ਪਿੱਛੋਂ ਪਤਾ ਲੱਗਾ ਕਿ ਲੜਕਾ ਅਕਰਮ ਆਪਣਾ ਧਰਮ ਬਦਲ ਕੇ ਅਰਵਿੰਦ ਬਣ ਗਿਆ ਅਤੇ ਉਸ ਨੇ ਲੜਕੀ ਦੇ ਧਰਮ ਅਨੁਸਾਰ ਮੰਦਰ ਵਿੱਚ ਵਿਆਹ ਕੀਤਾ ਹੈ।



ਇਨ੍ਹਾਂ ਦੋਵਾਂ ਨੂੰ ਜਦੋਂ ਪੁਲਸ ਨੇ ਪ੍ਰੋਟੈਕਸ਼ਨ ਦਿੰਦੇ ਹੋਏ ਕੋਰਟ ਵਿੱਚ ਪੇਸ਼ ਕੀਤਾ ਤਾਂ ਦੋਵਾਂ ਨੇ ਕਿਹਾ ਕਿ ਉਹ ਇਕੱਠੇ ਰਹਿਣਾ ਅਤੇ ਆਪਣੀ ਮਰਜ਼ੀ ਨਾਲ ਜੀਣਾ ਚਾਹੁੰਦੇ ਹਨ, ਪਰ ਕੋਰਟ ਨੇ ਉਨ੍ਹਾਂ ਦੀ ਸੁਰੱਖਿਆ ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਪੁਲਸ ਨੂੰ ਸੌਂਪ ਦਿੱਤਾ। ਇਸ ਦੇ ਬਾਅਦ ਪੁਲਸ ਨੇ ਉਨ੍ਹਾਂ ਨੂੰ ਸੇਫ ਹਾਊਸ ਵਿੱਚ ਭੇਜ ਦਿੱਤਾ। ਮਿਲੀ ਜਾਣਕਾਰੀ ਅਨੁਸਾਰ ਮੰਡੇਬਰੀ ਦਾ ਵਾਸੀ ਅਕਰਮ ਇਸ ਵਿਆਹ ਲਈ ਅਰਵਿੰਦ ਬਣ ਗਿਆ ਸੀ ਤੇ ਉਸ ਨੇ ਇਸ ਲੜਕੀ ਨਾਲ ਪੰਚਕੂਲਾ ਦੇ ਸੈਕਟਰ 19 ਦੇ ਇੱਕ ਮੰਦਰ ਵਿੱਚ ਵਿਆਹ ਕੀਤਾ ਸੀ। ਇਸ ਪਿੱਛੋਂਉਨ੍ਹਾਂ ਨੇ ਸੁਰੱਖਿਆ ਲਈ ਪੰਜਾਬ ਹਰਿਆਣਾ ਹਾਈ ਕੋਰਟ ਨੂੰਅਰਜ਼ੀ ਦਿੱਤੀ ਤਾਂ ਕੋਰਟ ਨੇ ਐਸ ਪੀ ਯਮਨਾ ਨਗਰ ਨੂੰ ਹੁਕਮ ਦਿੱਤੇ ਸਨ ਕਿ ਦੋਵਾਂ ਨੂੰ ਸੁਰੱਖਿਆ ਦਿੱਤੀ ਜਾਏ।

ਦੱਸਿਆ ਗਿਆ ਹੈ ਕਿ ਹਰਿਆਣਾ ਦੇ ਥਾਣਾ ਛੱਪਰ ਦੇ ਇੱਕ ਪਿੰਡ ਤੋਂਇਹ ਲੜਕੀ ਅੱਠ ਨਵੰਬਰ ਰਾਤ ਨੂੰ ਚਲੀ ਗਈ ਤਾਂ ਘਰਦਿਆਂ ਨੇ ਉਸ ਦੀ ਤਲਾਸ਼ ਕੀਤੀ, ਪਰ ਪਤਾ ਨਹੀਂ ਲੱਗਾ। ਫਿਰ ਘਰਦਿਆਂ ਨੇ ਸ਼ਿਕਾਇਤ ਦੇ ਕੇ ਮੰਡੇਬਰੀ ਦੇ ਵਾਸੀ ਅਕਰਮ ’ਤੇ ਲੜਕੀ ਨੂੰ ਅਗਵਾ ਕਰਨ ਦਾ ਦੋਸ਼ ਲਾਇਆ ਸੀ। ਛੱਪਰ ਪੁਲਸ ਨੇ ਇਸ ਬਾਰੇ ਕੇਸ ਦਰਜ ਕੀਤਾ ਸੀ, ਪਰ ਇਸੇ ਦੌਰਾਨ ਪੁਲਸ ਕੋਲ ਹਾਈ ਕੋਰਟ ਤੋਂ ਮੈਸੇਜ ਆ ਗਿਆ ਕਿ ਦੋਵਾਂ ਨੇ ਵਿਆਹ ਕਰ ਲਿਆ ਹੈ ਤੇ ਸੁਰੱਖਿਆ ਲਈ ਕੋਰਟ ਪਹੁੰਚੇ ਹਨ। ਉਸ ਨੌਜਵਾਨ ਵੱਲੋਂ ਦੂਸਰੇ ਧਰਮ ਦੀ ਲੜਕੀ ਨਾਲ ਵਿਆਹ ਕਰਨ ਨੂੰ ਕੁਝ ਲੋਕ ਲਵ ਜਿਹਾਦ ਦਾ ਨਾਂਅ ਦਿੰਦੇ ਹਨ। ਇਸ ਬਾਰੇ ਕਈ ਗੱਲਾਂ ਉਠ ਰਹੀਆਂ ਸਨ, ਪਰ ਲੜਕੇ ਦੇ ਧਰਮ ਪਰਿਵਰਤਨ ਮਗਰੋਂਨਵੀਂ ਚਰਚਾ ਛਿੜ ਗਈ ਹੈ। ਇਸ ਤਰ੍ਹਾਂ ਦੇ ਮਾਮਲੇ ਬਹੁਤ ਘੱਟ ਹੁੰਦੇ ਹਨ ਕਿ ਵਿਸ਼ੇਸ਼ ਫਿਰਕੇ ਦਾ ਨੌਜਵਾਨ ਆਪਣਾ ਧਰਮ ਬਦਲ ਕੇ ਲੜਕੀ ਦੇ ਧਰਮ ਨੂੰ ਅਪਣਾ ਲਵੇ। ਬਹੁਤੇ ਮਾਮਲਿਆਂ ਵਿੱਚ ਲੜਕੀ ਨੂੰ ਹੀ ਧਰਮ ਬਦਲਣਾ ਪੈਂਦਾ ਹੈ।




# ਪ੍ਰਦਰਸ਼ਨ ਕਰਦੇ ਲੋਕਾਂ ਨੇ ਗਵਾਟੇਮਾਲਾ ਦੇ ਪਾਰਲੀਮੈਂਟ ਭਵਨ ਦਾ ਇੱਕ ਹਿੱਸਾ ਫੂਕਿਆ

ਗਵਾਟੇਮਾਲਾ, 23 ਨਵੰਬਰ (ਪੋਸਟ ਬਿਊਰੋ)- ਸਾਲ 2021 ਦੇ ਬਜਟ ਦੀ ਮਨਜ਼ੂਰੀ ਦੇ ਵਿਰੁੱਧਪ੍ਰਦਰਸ਼ਨ ਕਰ ਰਹੇ ਲੋਕਾਂ ਨੇ ਗਵਾਟੇਮਾਲਾ ਵਿੱਚ ਕਾਂਗਰਸ ਭਵਨ ਦੇ ਇੱਕ ਹਿੱਸੇ ਵਿੱਚ ਅੱਗ ਲਾ ਦਿੱਤੀ ਹੈ।



ਇੱਕ ਰਿਪੋਰਟ ਮੁਤਾਬਕ ਸ਼ਨੀਵਾਰ ਦੀ ਰਾਤ ਕੁਝ ਪ੍ਰਦਰਸ਼ਨਕਾਰੀ ਵਿਧਾਨ ਸਭਾ ਪਹੁੰਚੇ ਤੇ ਉਥੇ ਕਾਂ-ਗਰਸ ਭਵਨ ਦੇ ਦਫਤਰ ਵਿੱਚ ਅੱਗ ਲਾ ਦਿੱਤੀ।ਗਵਾਟੇਮਾਲਾ ਦੇ ਵਾਲੰਟੀਅਰਜ਼ ਅਤੇ ਫਾਇਰ ਬ੍ਰਿਗੇਡ ਕਰਮਚਾਰੀਆਂ ਨੇ ਮਿਲ ਕੇ ਅੱਗ ’ਤੇ ਕਾਬੂ ਪਾਇਆ। ਇਸ ਬਾਰੇ ਜਾਰੀ ਕੀਤੀਆਂ ਤਸਵੀਰਾਂ ਮੁਤਾਬਕ ਕਾਂਗਰਸ ਦੇ ਕੁਝ ਦਫਤਰਾਂ ਦਾ ਫਰਨੀਚਰ ਲਗਭਗ ਪੂਰੀ ਤਰ੍ਹਾਂ ਨਾਲ ਸੜ ਕੇ ਸੁਆਹ ਹੋ ਗਿਆ ਹੈ। ਰਾਸ਼ਟਰੀ ਅਲੇਜਾਂਦਰੋ ਜਿਆਮਾਟੇਈ ਨੇ ਹਿੰਸਾ ਦੀ ਨਿੰਦਾ ਕਰਦਿਆਂ ਕਿਹਾ ਕਿ ਮੈਂ ਦੋਹਰਾ ਕੇ ਕਹਿੰਦਾ ਹਾਂ ਕਿ ਸਾਨੂੰ ਕਾਨੂੰਨ ਦੇ ਅਨੁਸਾਰ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ, ਪਰ ਅਸੀਂ ਇਸ ਦੇ ਨਾਲ ਜਨਤਕ ਜਾਂ ਨਿੱਜੀ ਜਾਇਦਾਦ ਨਾਲ ਛੇੜਛਾੜ ਕਰਨ ਦੀ ਇਜਾਜ਼ਤ ਨਹੀਂ ਦੇ ਸਕਦੇ।ਜਿਨ੍ਹਾਂ ਲੋਕਾਂ ਨੇ ਵੀ ਇਨ੍ਹਾਂ ਅਪਰਾਧਕ ਕਾਰਿਆਂ ਵਿੱਚ ਹਿੱਸਾ ਲਿਆ ਹੈ, ਉਨ੍ਹਾਂ ਨੂੰ ਕਾਨੂੰਨ ਮੁਤਾਬਕ ਸਖਤੀ ਨਾਲ ਸਜ਼ਾ ਦਿੱਤੀ ਜਾਏਗੀ।

ਸਾਲ 2021 ਦੇ ਲਈ ਮਨਜ਼ੂਰ ਹੋਏ ਬਜਟ ਵਿੱਚ ਸਿੱਖਿਆ ਅਤੇ ਸਿਹਤ ਸੇਵਾ ’ਤੇ ਖਰਚ ਵਿੱਚ ਕਟੌਤੀ ਕੀਤੀ ਗਈ ਹੈ, ਇਸ ਨੇ ਗਵਾਟੇਮਾਲਾ ਵਿੱਚ ਖਾਸਾ ਰਾਜਨੀਤਕ ਤਣਾਅ ਪੈਦਾ ਕਰ ਦਿੱਤਾ ਹੈ। ਕਈ ਖੇਤਰਾਂ ਵਿੱਚ ਸਰਕਾਰ ਵੱਲੋਂ ਪ੍ਰਸਤਾਵਿਤ ਜਨਤਕ ਕਰਜ਼ੇ ਦੇ ਵਾਧੇ ਦਾ ਵਿਰੋਧ ਹੋ ਰਿਹਾ ਹੈ ਅਤੇ ਉਪ ਰਾਸ਼ਟਰਪਤੀ ਗੁਈਲੇਰਮੋ ਕੈਸਟਿਲੋ ਨੂੰ ਅਸਤੀਫਾ ਦੇਣ ਦੇ ਲਈ ਕਿਹਾ ਗਿਆ ਹੈ।

# ਭਾਰਤੀ ਮੂਲ ਦੇ ਬੇਘਰੇ ਵਿਅਕਤੀ ਨੇ ਔਰਤ ਨੂੰ ਰੇਲ ਗੱਡੀ ਅੱਗੇ ਧੱਕਾ ਦਿੱਤਾ

*** ਪੁਲਸ ਨੇ ਦੋਸ਼ੀ ਨੂੰ ਮੌਕੇ ’ਤੇ ਗ੍ਰਿਫਤਾਰ ਕਰ ਲਿਆ**

ਨਿਊ ਯਾਰਕ, 23 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ 24 ਸਾਲਾਂ ਦੇ ਇੱਕ ਭਾਰਤੀ ਮੂਲ ਦੇ ਬੇਘਰੇ ਆਦਮੀ ਨੂੰ ਇੱਕ ਔਰਤ ਦੀ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ।



ਪੁਲਸ ਮੁਤਾਬਕ ਭਾਰਤੀ ਮੂਲ ਦੇ ਉਸ ਵਿਅਕਤੀ ਆਦਿੱਤਿਆ ਵੇਮੁਲਾਪਤੀ ਨੇ ਸਬਵੇਅ ਰੇਲ ਪੱਟੜੀ ’ਤੇ ਇੱਕ ਮਹਿਲਾ ਨੂੰ ਉਸ ਵੇਲੇ ਧੱਕਾ ਦੇਣ ਦਾ ਯਤਨ ਕੀਤਾ, ਜਦ ਰੇਲ ਗੱਡੀ ਆ ਰਹੀ ਸੀ। ਉਸ ਉੱਤੇ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਤੇ ਅਦਾਲਤ ਨੇ ਉਸ ਦੀ ਚਾਰ ਦਸੰਬਰ ਤੱਕ ਹਿਰਾਸਤ ਦੇ ਦਿੱਤੀ ਹੈ।ਵੀਡੀਓ ਫੁਟੇਜ ਵਿੱਚ ਨਜ਼ਰ ਆ ਰਿਹਾ ਹੈ ਕਿ ਵੇਮੁਲਾਪਤੀ ਯੂਨੀਅਨ ਸਕੁਏਅਰ ਸਟੇਸ਼ਨ ’ਤੇ ਪੱਟੜੀ ਵੱਲ ਔਰਤ ਨੂੰ ਉਸ ਵੇਲੇ ਧੱਕਾ ਮਾਰ ਰਿਹਾ ਹੈ, ਜਦ ਰੇਲ ਗੱਡੀ ਆ ਰਹੀ ਹੈ। ਮਹਿਲਾ ਦਾ ਬਚਾਅ ਹੋ ਗਿਆ, ਪਰ ਉਸ ਨੂੰ ਹਲਕੀਆਂ ਸੱਟਾਂ ਲੱਗੀਆਂ ਹਨ। ਉਹ ਦੋ ਰੇਲ ਪੱਟੜੀਆਂ ਦੇ ਵਿਚਾਲੇ ਡਿੱਗ ਗਈ ਤੇ ਰੇਲਗੱਡੀ ਨਾਲ ਟੱਕਰ ਹੋਣ ਤੋਂ ਉਸ ਦਾ ਬਚਾਅ ਹੋ ਗਿਆ। ਆਦਿੱਤਿਆ ਨੂੰ ਮੌਕੇ ’ਤੇ ਗ੍ਰਿਫਤਾਰ ਕਰ ਲਿਆ ਗਿਆ ਹੈ।ਮੀਡੀਆ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਹਿਲਾ ਨੇ ਹੈਡ ਫੋਨ ਲਾਏ ਹੋਏ ਸਨ ਅਤੇ ਉਹ ਕੁਝ ਸੁਣ ਰਹੀ ਸੀ। ਵੇਮੁਲਾਪਤੀ ਨੇ ਉਸ ਨਾਲ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ ਤੇ ਰੇਲ ਗੱਡੀ ਨੇੜੇ ਆਉਣ ’ਤੇ ਬਿਨਾਂ ਕੁਝ ਕਹੇ ਉਸ ਨੂੰ ਧੱਕਾ ਦੇ ਦਿੱਤਾ। ਪੁਲਸ ਮੁਤਾਬਕ ਵੇਮੁਲਾਪਤੀ ਭਾਵਨਾਤਮਕ ਤੌਰ ’ਤੇ ਪ੍ਰੇਸ਼ਾਨ ਹੈ।

### 52 ਸਾਲਾਂ ਬਾਅਦ ਅਫਸੋਸ ਪ੍ਰਗਟ:

# ਟ੍ਰਾਂਸਜੈਂਡਰ ਨੂੰ ਨੌਕਰੀ ਤੋਂ ਕੱਢਣ ਬਾਰੇ ਆਈ ਬੀ ਐਮ ਨੇ ਮੁਆਫੀ ਮੰਗੀ

ਨਿਊ ਯਾਰਕ, 23 ਨਵੰਬਰ (ਪੋਸਟ ਬਿਊਰੋ)- ਆਈ ਬੀ ਐਮ ਦੇ ਕੈਲੀਫੋਰਨੀਆ ਦਫਤਰ ਵਿੱਚ ਲਿਨ ਕਾਨਵੇ ਅਗਸਤ 1968 ਵਿੱਚ ਕੰਪਿਊਟਰ ਇੰਜੀਨੀਅਰ ਹੁੰਦੀ ਸੀ। ਇੱਕ ਦਿਨ ਉਸ ਨੂੰ ਕੰਪਨੀ ਦੇ ਡਾਇਰੈਕਟਰ ਜੀਨ ਮੇਰਨ ਅਮਦਾਲ ਦੇ ਦਫਤਰ ਤੋਂ ਸੱਦਾ ਆਇਆ। ਅਮਦਾਲ ਨੂੰ ਜਦ ਮੈਡਮ ਕਾਨਵੇ ਦੇ ਬਾਰੇ ਪਤਾ ਲੱਗਾ ਕਿ ਉਹ ਲਿੰਗ ਪਰਿਵਰਤਨ ਕਰਾਉਣ ਦੀ ਸੋਚ ਰਹੀ ਹੈ ਤਾਂ ਉਹ ਕਾਫੀ ਸਹਿਜ ਸਨ, ਪਰ ਕੰਪਨੀ ਦੇ ਚੀਫ ਐਗਜ਼ੀਕਿਊਟਿਵ ਥਾਮਸ ਜੇ ਵਾਟਸਨ ਜੂਨੀਅਰ ਦਾ ਵਤੀਰਾ ਕੁਝ ਵੱਖਰਾ ਸੀ। ਇੱਕ ਦਿਨ ਕਾਨਵੇ ਨੂੰ ਪਤਾ ਲੱਗਾ ਕਿ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ।



ਇਸ ਘਟਨਾ ਦੇ 52 ਸਾਲ ਬਾਅਦ ਕਾਨਵੇ ਨੂੰ ਕੰਪਨੀ ਨੇ ਦੋਬਾਰਾ ਬੁਲਾ ਕੇ ਉਸ ਨਾਲ ਗੱਲ ਕੀਤੀ। ਪਿਛਲੇ ਮਹੀਨੇ ਆਈ ਬੀ ਐਮ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਡਾਇਨੇ ਗੇਰਸਨ ਨੇ ਕਾਨਵੇ ਨੂੰ ਕਿਹਾ ਕਿ ਇਹ ਕੰਪਨੀ ਤੁਹਾਡੇ ਵਰਗੇ ਮੁਲਾਜ਼ਮਾਂ ਦੀ ਮਦਦ ਕਰਨਾ ਚਾਹੁੰਦੀ ਹੈ ਅਤੇ ਕਾਨਵੇ, ਜੋ ਅੱਜਕੱਲ੍ਹ 82 ਸਾਲ ਦੀ ਹੋ ਚੁੱਕੀ ਹੈ, ਨੂੰ ਉਨ੍ਹਾਂ ਦੇ ਕੰਮ ਦੇ ਲਈ ਲਾਈਫ ਟਾਈਮ ਐਵਾਰਡ ਦਿੱਤਾ ਗਿਆ।ਕਾਨਵੇ ਕਹਿੰਦੀ ਹੈ, ਮੈਨੂੰ ਇਸ ਦੀ ਉਮੀਦ ਨਹੀਂ ਸੀ। ਇਹ ਮੁਆਫੀ ਸੁਪਰੀਮ ਕੋਰਟ ਦੇ ਉਸ ਫੈਸਲੇ ਦੇ ਚਾਰ ਮਹੀਨੇ ਪਿੱਛੋਂ ਆਈ, ਜਿਸ ਵਿੱਚ ਕਿਹਾ ਗਿਆ ਸੀ ਕਿ ਕਿਸੇ ਨੂੰ ਸਮਲਿੰਗੀ ਜਾਂ ਟ੍ਰਾਂਸਜੈਂਡਰ ਹੋਣ ਦੇ ਕਾਰਨ ਨਹੀਂ ਕੱਢਿਆ ਜਾ ਸਕਦਾ।’ ਕਾਨਵੇ ਦੇ ਦੋਸਤ ਅਤੇ ਕੈਲੀਫੋਰਨੀਆ ਇੰਸਟੀਚਿਊਟ ਆਫ ਟੈਕਨਾਲੋਜੀ ਦੀ ਸਾਇੰਟਿਸਟ ਰਹਿ ਚੁੱਕੀ ਰੋਚਲ ਡਾਇਮੰਡ ਦੱਸਦੀ ਹੈ ਕਿ ਉਨ੍ਹਾਂ ਨੂੰ ਮੁਆਫੀ ਬਾਰੇ ਬੀਤੇ ਸ਼ੁੱਕਰਵਾਰ ਪਤਾ ਲੱਗਾ, ਜਦ ਟ੍ਰਾਂਸਜੈਂਡਰ ਡੇ ਮਨਾਇਆ ਜਾ ਰਿਹਾ ਸੀ। ਕਾਨਵੇ ਦੀ ਇੱਕ ਹੋਰ ਦੋਸਤ ਕ੍ਰਿਸਟੀਨਾ ਬਰਨਸ ਕਹਿੰਦੀ ਹੈ ਕਿ ਕਾਨਵੇ ਨੇ ਕਦੇ ਵੀ ਖੁਦ ਨੂੰ ਕੱਢੇ ਜਾਣ ਦੇ ਤਰੀਕੇ ’ਤੇ ਨਾਖੁਸ਼ੀ ਨਹੀਂ ਦਿਖਾਈ, ਪਰ ਇਸ ਮੁਆਫੀ ਨਾਲ ਜ਼ਰੂਰ ਉਨ੍ਹਾਂ ਨੂੰ ਚੰਗਾ ਲੱਗੇਗਾ।ਕਾਨਵੇ ਨੇ 1964 ਵਿੱਚ ਆਈ ਬੀ ਐਮ ਨੂੰ ਜੁਆਇਨ ਕੀਤਾ ਸੀ। ਨੌਕਰੀ ਤੋਂ ਕੱਢੇ ਜਾਣ ਦੇ ਬਾਅਦ ਹੀ ਉਸ ਨੇ ਸਰਜਰੀ ਕਰਵਾਈ ਅਤੇ ਖੁਦ ਨੂੰ ਫਿਰ ਤੋਂ ਸਥਾਪਤ ਕਰਨ ਵਿੱਚ ਲੱਗ ਗਈ। 1973 ਵਿਚ ਜੇਰਾਕਸ ਰਿਸਰਚ ਸੈਂਟਰ ਵਿੱਚ ਕੰਮ ਕੀਤਾ, ਜਿੱਥੇ ਉਸ ਨੇ ਕੰਪਿਊਟਰ ਚਿਪ ਡਿਜ਼ਾਈਨ ਤਿਆਰ ਕੀਤਾ ਜਿਸ ਨੂੰ ਅੱਜ ਪੂਰੀ ਦੁਨੀਆ ਵਿੱਚ ਅਪਣਾਇਆ ਜਾਂਦਾ ਹੈ। ਸੰਨ 2000 ਵਿੱਚ ਉਨ੍ਹਾਂ ਨੇ ਇੱਕ ਵੈਬਸਾਈਟ ਡਿਜ਼ਾਈਨ ਕੀਤੀ, ਜਿੱਥੇ ਉਹ ਲਿੰਗ ਪਛਾਣ ਵਰਗੇ ਵਿਸ਼ਿਆਂ ’ਤੇ ਲਿਖਦੀ ਰਹਿੰਦੀ ਹੈ।

# ਅਮਰੀਕੀ ਮੰਤਰੀ ਪੌਂਪੀਓ ਤਾਲਿਬਾਨ ਦੇ ਵਾਰਤਾਕਾਰਾਂ ਨੂੰ ਮਿਲੇ



ਵਾਸ਼ਿੰਗਟਨ, 23 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਕਤਰ ਦੀ ਰਾਜਧਾਨੀ ਦੋਹਾ ਵਿੱਚ ਅਫਗਾਨ ਸਰਕਾਰ ਅਤੇ ਤਾਲਿਬਾਨ ਦੇ ਵਾਰਤਾਕਾਰਾਂ ਨਾਲ ਮੁਲਾਕਾਤ ਕੀਤੀ ਹੈ। ਪੌਂਪੀਓ ਨੇ ਉਨ੍ਹਾਂ ਦੀ ਰੁਕੀ ਹੋਈ ਵਾਰਤਾ ਅੱਗੇ ਵਧਣ ਦੇ ਸੰਕੇਤਾਂ ਅਤੇ ਹਿੰਸਾ ਦੇ ਵਾਧੇ ਦੌਰਾਨ ਇਹ ਵਾਰਤਾ ਕੀਤੀ। ਹਿੰਸਾ ਵਧਣ ਨਾਲ ਜੰਗ ਪ੍ਰਭਾਵਤ ਦੇਸ਼ ਵਿੱਚ ਸ਼ਾਂਤੀ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਨੂੰ ਨੁਕਸਾਨ ਪੁੱਜਾ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਨੇ ਪਿੱਛੇ ਜਿਹੇ ਐਲਾਨ ਕੀਤਾ ਸੀ ਕਿ ਅਗਲੇ 15 ਜਨਵਰੀ ਤੱਕ ਅਫਗਾਨਿਸਤਾਨ ਅਤੇ ਇਰਾਕ ਵਿੱਚ ਅਮਰੀਕੀ ਦਸਤਿਆਂ ਦੀ ਗਿਣਤੀ ਘੱਟ ਕਰ ਕੇ 2,500-2,500 ਕੀਤੀ ਜਾਵੇਗੀ। ਇਸ ਐਲਾਨ ਪਿੱਛੋਂ ਤਾਲਿਬਾਨ ਅਤੇ ਅਫਗਾਨ ਪ੍ਰਤੀਨਿਧੀਆਂ ਨਾਲ ਕਿਸੇ ਚੋਟੀ ਦੇ ਅਮਰੀਕੀ ਡਿਪਲੋਮੈਟ ਦੀ ਇਹ ਪਹਿਲੀ ਵਾਰਤਾ ਹੈ। ਅਫਗਾਨਿਸਤਾਨ ਵਿੱਚ ਇਸ ਸਮੇਂ ਅਮਰੀਕਾ ਦੇ 4500 ਤੋਂ ਜ਼ਿਆਦਾ ਫੌਜੀ ਹਨ।

ਪੌਂਪੀਓ ਨੇ ਟਵੀਟ ਕੀਤਾ, ‘ਦੋਹਾ ਵਿੱਚ ਤਾਲਿਬਾਨ ਅਤੇ ਅਫਗਾਨਿਸਤਾਨ ਦੇ ਵਾਰਤਾਕਾਰਾਂ ਨਾਲ ਮੁਲਾਕਾਤ ਕੀਤੀ ਹੈ। ਮੈਂ ਵਾਰਤਾ ਜਾਰੀ ਰੱਖਣ ਅਤੇ ਵਾਰਤਾ ਵਿੱਚ ਪ੍ਰਗਤੀ ਲਈ ਦੋਵਾਂ ਪੱਖਾਂ ਦੀ ਸ਼ਲਾਘਾ ਕਰਦਾ ਹਾਂ। ਮੈਂ ਰਾਜਨੀਤਕ ਖਾਕੇ ਅਤੇ ਸਥਾਈ ਅਤੇ ਸਮੁੱਚੀ ਜੰਗਬੰਦੀ ਲਈ ਵਾਰਤਾ ਅੱਗੇ ਵਧਾਉਣ ਨੂੰ ਹੱਲਾਸ਼ੇਰੀ ਦਿੰਦਾ ਹਾਂ।’ ਉਸ ਨੇ ਦੁਹਰਾਇਆ ਕਿ ਅਫਗਾਨਿਸਤਾਨ ਦੇ ਲੋਕ ਚਾਲੀ ਸਾਲਾਂ ਤੋਂ ਡੁੱਲ੍ਹ ਰਹੇ ਖ਼ੂਨ ਪਿੱਛੋਂ ਸ਼ਾਂਤੀ ਅਤੇ ਸੁਰੱਖਿਆ ਨਾਲ ਜੀਉਣ ਦੀ ਉਮੀਦ ਕਰਦੇ ਹਨ ਅਤੇ ਉਹ ਇਸ ਦੇ ਹੱਕਦਾਰ ਹਨ। ਉਨ੍ਹਾਂ ਕਤਰ ਦੇ ਵਿਦੇਸ਼ ਮੰਤਰੀ ਅਲ ਥਾਨੀ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਦੋ-ਪੱਖੀ ਅਤੇ ਖੇਤਰੀ ਮਾਮਲਿਆਂ ’ਤੇ ਚਰਚਾ ਕੀਤੀ।

ਵਰਨਣ ਯੋਗ ਹੈ ਕਿ ਅਮਰੀਕਾ ਨੇ ਅਫਗਾਨਿਸਤਾਨ ਵਿਚਲਾ ਸੰਘਰਸ਼ ਰੋਕਣਲਈ ਫਰਵਰੀ ਵਿੱਚ ਤਾਲਿਬਾਨ ਨਾਲ ਇੱਕ ਸਮਝੌਤਾ ਕੀਤਾ ਸੀ। ਅਫਗਾਨ ਸਰਕਾਰ ਤੇ ਤਾਲਿਬਾਨ ਦੇ ਵਾਰਤਾਕਾਰ ਸ਼ਾਂਤੀ ਸਮਝੌਤਾ ਕਰਨ ਲਈ ਰੋਜ਼ਾਨਾ ਆਧਾਰ ’ਤੇ ਦੋਹਾ ਵਿੱਚ ਮੁਲਾਕਾਤ ਕਰ ਰਹੇ ਹਨ, ਪਰ ਇਸ ਦਿਸ਼ਾ ਵਿੱਚ ਅਜੇ ਕੋਈ ਵੱਡੀ ਸਫਲਤਾ ਨਹੀਂ ਮਿਲੀ। ਇਸ ਦੌਰਾਨ, ਅਫਗਾਨਿਸਤਾਨ ਵਿੱਚ ਇਨ੍ਹਾਂ ਕੁਝ ਮਹੀਨਿਆਂ ਦੌਰਾਨ ਹਿੰਸਾ ਦੀਆਂ ਘਟਨਾਵਾਂ ਵਧੀਆਂ ਹਨ।



# ਨਹਿਰ ਵਿੱਚ ਛਾਲ ਮਾਰਨ ਵਾਲੇ ਕੌਂਸਲਰ ਦੀ ਲਾਸ਼ ਖੂਬੜੂ ਝਾਲ ਵਿੱਚੋਂ ਮਿਲੀ



ਪਾਣੀਪਤ, 23 ਨਵੰਬਰ (ਪੋਸਟ ਬਿਊਰੋ)- ਹਰਿਆਣਾ ਪੁਲਸ ਦੀ ਬੇਰੁਖੀ ਤੋਂ ਦੁਖੀ ਹੋ ਕੇ ਨਹਿਰ ਵਿੱਚ ਛਾਲ ਮਾਰ ਗਏ ਭਾਜਪਾ ਨੇਤਾ ਤੇ ਸਾਬਕਾ ਕੌਂਸਲਰ ਹਰੀਸ਼ ਸ਼ਰਮਾ ਦੀ ਲਾਸ਼ ਕਰੀਬ 76 ਘੰਟੇ ਬਾਅਦ ਐਨ ਡੀ ਆਰ ਐਫ ਦੀ ਮਦਦ ਨਾਲ ਪਾਣੀਪਤ ਤੋਂ 25 ਕਿਲੋਮੀਟਰ ਦੂਰ ਸੋਨੀਪਤ ਦੀ ਖੁਬੜੂ ਨਹਿਰ ਵਿੱਚੋਂਮਿਲੀ ਹੈ।

ਇਸ ਦੇ ਬਾਅਦ ਜਦੋਂ ਪੀੜਤ ਪਰਵਾਰ ਅਤੇ ਹੋਰ ਲੋਕਾਂ ਨੇ ਟਰੈਫਿਕ ਜਾਮ ਕੀਤਾ ਤਾਂ ਇਸ ਦੌਰਾਨ ਲਾਠੀਚਾਰਜ ਦੇ ਬਾਅਦ ਵੀ ਪੀੜਤ ਚਾਰ ਦਿਨ ਪਹਿਲਾਂ ਦਿੱਤੀ ਆਪਣੀ ਸ਼ਿਕਾਇਤ ਦੇ ਮੁਤਾਬਕ ਪਾਣੀਪਤ ਦੀ ਐਸ ਪੀ ਮਨੀਸ਼ਾ ਚੌਧਰੀ, ਚੌਕੀ ਇੰਚਾਰਜ ਸਮੇਤ ਪੰਜ ਜਣਿਆਂ ਦੇ ਖਿਲਾਫ ਕੇਸ ਦਰਜ ਕੀਤੇ ਜਾਣ ਦੀ ਮੰਗ ਉਤੇ ਅੜੇ ਰਹੇ। ਗ੍ਰਹਿ ਮੰਤਰੀ ਅਨਿਲ ਵਿੱਜ ਨੇ ਕਿਹਾ ਕਿ ਡੀ ਜੀ ਪੀ ਨੂੰ ਕਹਿਣ ਦੇ ਬਾਵਜੂਦ ਸ਼ਿਕਾਇਤ ਦਰਜਨਹੀਂ ਹੋਈ, ਕਿਉਂਕਿ ਐਸ ਪੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਇਸ ਦੌਰਾਨ 15 ਕਿਲੋਮੀਟਰ ਤੱਕ ਹਾਈਵੇ ’ਤੇ ਜਾਮ ਲੱਗ ਜਾਣ ਦੀ ਸੂਚਨਾ ਮਿਲਣ ਉਤੇ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਡੀ ਜੀ ਪੀ ਮਨੋਜ ਯਾਦਵ ਨੂੰ ਫੋਨ ਕਰ ਕੇ ਫਿਟਕਾਰ ਲਾਈ। ਫਿਰ ਸਮਝੌਤੇ ਦੀਆਂ ਕੋਸ਼ਿਸ਼ਾਂ ਤੇਜ਼ ਹੋ ਗਈਆਂ ਅਤੇ ਰਾਤ 8.20 ਵਜੇ ਡੀ ਜੀ ਪੀ ਦੇ ਇਸ ਭਰੋਸੇ ਨਾਲ ਸਾਬਕਾ ਕੌਂਸਲਰ ਦੀ ਬੇਟੀ ਕੌਂਸਲਰ ਅੰਜਲੀ ਸ਼ਰਮਾ ਨੇ ਪਿਤਾ ਹਰੀਸ਼ ਦੀ ਹਾਈਵੇ ਤੋਂ ਲਾਸ਼ ਚੁੱਕ ਕੇ ਜਾਮ ਖੋਲ੍ਹ ਦਿੱਤਾ ਕਿ ਉਸ ਦੀ ਸ਼ਿਕਾਇਤ ਦੇ ਮੁਤਾਬਕ ਸ਼ਿਕਾਇਤ ਦਰਜ ਹੋਵੇਗੀ।ਇਸ ਦੇ ਬਾਅਦ ਰੋਹਤਕ ਦੇ ਪਾਰਲੀਮੈਂਟ ਮੈਂਬਰ, ਪਾਣੀਪਤ ਸ਼ਹਿਰੀ ਹਲਕੇ ਦੇ ਵਿਧਾਇਕ ਅਤੇ ਸਾਬਕਾ ਟਰਾਂਸਪੋਰਟ ਮੰਤਰੀ ਅੰਜਲੀ ਨਾਲ ਬੈਠਕ ਕਰ ਕੇ ਸਮਝੌਤੇ ਦਾ ਰਾਹ ਲੱਭਣ ਵਿੱਚ ਲੱਗ ਗਏ, ਪਰ ਰਾਤ 8.45 ਵਜੇ ਫਿਰ ਮਾਮਲਾ ਭੜਕ ਗਿਆ ਤਾਂ ਪੁਲਸ ਨੇ ਲੋਕਾਂ ’ਤੇ ਲਾਠੀਚਾਰਜ ਕਰ ਦਿੱਤਾ ਅਤੇ ਪੱਥਰ ਮਾਰ ਕੇ ਕਈ ਲੋਕਾਂ ਨੂੰ ਪੁਲਸ ਨੇ ਜ਼ਖਮੀ ਕਰ ਦਿੱਤਾ। ਇਥੋਂ ਤੱਕ ਕਿ ਨੇਤਾਵਾਂ ਦੇ ਗੰਨਮੈਨਾਂ ਨੂੰ ਵੀ ਕੁੱਟ ਦਿੱਤਾ ਗਿਆ।


# ਪਾਕ ਵਿੱਚ ਵਿਰੋਧੀ ਧਿਰ ਤੇ ਸਰਕਾਰ ਵਿੱਚ ਟਕਰਾਅ ਦੀ ਨੌਬਤ



ਪਿਸ਼ਾਵਰ, 23 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਵਿਰੋਧੀ ਪਾਰਟੀਆਂ ਦੀਆਂ ਤਿੰਨ ਰੈਲੀਆਂ ਵਿੱਚ ਹਜ਼ਾਰਾਂ ਲੋਕ ਇਕੱਠੇ ਹੋਣ ਤੋਂ ਘਬਰਾਈ ਇਮਰਾਨ ਖਾਨ ਸਰਕਾਰ ਨੇ ਅੱਗੋਂ ਪਿਸ਼ਾਵਰ ਦੀ ਰੈਲੀ ’ਤੇ ਰੋਕ ਲਾ ਦਿੱਤੀ ਹੈ। ਰੈਲੀ ’ਤੇ ਰੋਕ ਪਿੱਛੋਂ 11 ਵਿਰੋਧੀ ਪਾਰਟੀਆਂ ਦੇ ਗਠਜੋੜ ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ (ਪੀ ਡੀ ਐਮ) ਅਤੇ ਸਰਕਾਰ ਵਿੱਚ ਤਕਰਾਰ ਵਧ ਗਈ ਹੈ। ਵਿਰੋਧੀ ਧਿਰਾਂ ਨੇ 26 ਨਵੰਬਰ ਨੂੰ ਲੜਕਾਨਾ ਵਿੱਚ ਰੈਲੀ ਦਾ ਐਲਾਨ ਕਰ ਦਿੱਤਾ ਹੈ।

ਪੀ ਡੀ ਐਮ ਦੇ ਮੁਖੀ ਫਜ਼ਲੁਰ ਰਹਿਮਾਨ ਨੇ ਕਿਹਾ ਹੈ ਕਿ ਇਮਰਾਨ ਸਰਕਾਰ ਨਾਜਾਇਜ਼ ਅਤੇ ਵੱਡੀ ਕੋਰੋਨਾ ਬਿਮਾਰੀ ਹੈ। ਇਹ ਸਰਕਾਰ ਲੋਕਾਂ ਅਨੁਸਾਰ ਨਹੀਂ, ਲੋਕਾਂ ਦੀ ਰਾਏ ਚੋਰੀ ਕਰਕੇ ਬਣੀ ਹੈ। ਕੋਰੋਨਾ ਦੀ ਆੜ ਵਿੱਚ ਜਨਤਾ ਦੀ ਆਵਾਜ਼ ਦਬਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਸਮਾਂ ਆ ਗਿਆ ਹੈ ਕਿ ‘ਪਾਕਿਸਤਾਨੀ ਟਰੰਪ’ (ਇਮਰਾਨ ਖਾਨ) ਨੂੰ ਸੱਤਾ ਤੋਂ ਉਖਾੜ ਦੇਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਵਿਰੋਧੀ ਪਾਰਟੀਆਂ ਦੀ ਅਗਲੀ ਰੈਲੀ 26 ਨਵੰਬਰ ਨੂੰ ਲੜਕਾਣਾ ਵਿੱਚ ਹੋਵੇਗੀ।ਵਿਰੋਧੀ ਪਾਰਟੀਆਂ ਦੇ ਗਠਜੋੜ ਪੀ ਡੀ ਐਮ ਨੇ ਅਜੇ ਤੱਕ ਇਮਰਾਨ ਸਰਕਾਰ ਖਿਲਾਫ ਪੰਜਾਬ, ਸਿੰਧ, ਬਲੋਚਿਸਤਾਨ ਵਿੱਚ ਵੱਡੀਆਂ ਰੈਲੀਆਂ ਕੀਤੀਆਂ ਹਨ। ਕੱਲ੍ਹਉਨ੍ਹਾਂ ਦੀ ਪਿਸ਼ਾਵਰ ਵਿੱਚ ਰੈਲੀ ਉਤੇ ਸਰਕਾਰ ਨੇ ਕੋਰੋਨਾ ਮਹਾਂਮਾਰੀ ਦੇ ਵਧਣ ਦਾ ਡਰਾਵਾ ਦੇ ਕੇ ਪਾਬੰਦੀ ਲਾ ਦਿੱਤੀ ਸੀ। ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ ਐਮ ਐਲ-ਐਨ) ਦੀ ਉਪ ਪ੍ਰਧਾਨ ਮਰੀਅਮ ਨਵਾਜ਼ ਨੇ ਦੋਸ਼ ਲਾਇਆ ਕਿ ਰੈਲੀ ਵਿੱਚ ਆਉਣ ਤੋਂ ਰੋਕਣ ਲਈ ਪੁਲਸ ਨੇ ਥਾਂ-ਥਾਂ ਰਾਹਾਂ ਵਿੱਚ ਰੁਕਾਵਟਾਂ ਖੜ੍ਹੀਆਂ ਕਰ ਦਿੱਤੀਆਂ ਸਨ। ਰੈਲੀ ਵਿੱਚ ਜਾਣ ਵਾਲਿਆਂ ਨੂੰ ਥਾਂ-ਥਾਂ ਰੋਕਿਆ ਗਿਆ ਤੇ ਇਸ ਲਈ ਭਾਰੀ ਗਿਣਤੀ ਵਿੱਚ ਪੁਲਸ ਬਲ ਤੈਨਾਤ ਕੀਤੇ ਗਏ ਹਨ। ਅੱਗੋਂ ਇਹ ਲੜਾਈ ਫੈਸਲਾਕੁੰਨ ਦੌਰ ਵਿੱਚ ਆ ਗਈ ਹੈ।

# ਡੋਕਲਾਮ ਵਿੱਚ ਚੀਨ ਨੇ ਪਿੰਡ ਵਸਾਉਣ ਦੇ ਨਾਲ 9 ਕਿੱਲੋਮੀਟਰ ਲੰਬੀ ਸੜਕ ਵੀ ਬਣਾ ਲਈ




ਨਵੀਂ ਦਿੱਲੀ, 23 ਨਵੰਬਰ (ਪੋਸਟ ਬਿਊਰੋ)- ਹਾਈ ਰੈਜ਼ੋਲਿਊਸ਼ਨ ਉਪਗ੍ਰਹਿ ਦੀਆਂ ਤਸਵੀਰਾਂ ਤੋਂ ਪਤਾ ਲੱਗਾ ਹੈ ਕਿ ਭਾਰਤ ਨਾਲ ਲਗਦੇ ਭੁਟਾਨ ਦੇ ਸਰਹੱਦੀ ਖੇਤਰ ਵਿੱਚ ਚੀਨ ਵੱਲੋਂ ਉਸਾਰੀ ਕਰਨ ਦੇ ਸਬੂਤ ਮਿਲੇ ਹਨ।

ਉਪ ਗ੍ਰਹਿ ਦੀਆਂ ਤਸਵੀਰਾਂ ਦੇ ਵਿਸ਼ਲੇਸ਼ਣ ਤੋਂਦਿੱਸਦਾ ਹੈ ਕਿ ਚੀਨ ਨੇ ਡੋਕਲਾਮ ਪਠਾਰ ਦੇ ਪੂਰਬੀ ਹਿੱਸੇ ਉੱਤੇ ਭੁਟਾਨ ਖੇਤਰ ਅੰਦਰ 2 ਕਿੱਲੋਮੀਟਰ ਦੀ ਦੂਰੀ ’ਤੇ ਨਾ ਸਿਰਫ਼ ਪਿੰਡ ਵਸਾਇਆ ਹੈ, ਬਲਕਿ ਭਾਰਤੀ ਸਰਹੱਦੀ ਖੇਤਰ ਤੱਕ ਪਹੁੰਚ ਰੱਖਣ ਵਾਲੀ 9 ਕਿੱਲੋਮੀਟਰ ਲੰਬੀ ਸੜਕ ਵੀ ਬਣਾ ਲਈ ਹੈ।ਸਮਝਿਆ ਜਾਂਦਾ ਹੈ ਕਿ ਇਹ ਸੜਕ ਚੀਨੀ ਸੈਨਾ ਨੂੰ ਜੰਪੇਲਰੀ ਰਿਜ਼ ਤੱਕ ਪਹੁੰਚਾਉਣ ਦਾ ਬਦਲਵਾਂ ਰਸਤਾ ਹੋ ਸਕਦੀ ਹੈ, ਜਿਸ ਨੂੰ ਭਾਰਤੀ ਸੈਨਾ ਨੇ 2017 ’ਚ ਚੀਨੀ ਸੈਨਾ ਨਾਲ ਡੋਕਲਾਮ ’ਚ ਝੜਪ ਦੇ ਬਾਅਦ ਰੋਕ ਦਿੱਤਾ ਸੀ। ਓਦੋਂ ਚੀਨ ਦੇ ਉਸਾਰੀ ਕਾਮਿਆਂ ਨੇ ਡੋਕਲਾਮ ’ਚ ਭਾਰਤੀ ਸੈਨਾ ਦੀ ਚੌਕੀ ਕੋਲ ਆਪਣੇ ਮੌਜੂਦ ਟਰੈਕ ਨੂੰ ਵਧਾ ਕੇ ਜੰਪੇਲਰੀ ਰਿਜ਼ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਸੀ ਪਰ ਭਾਰਤੀ ਸੈਨਿਕਾਂ ਨੇ ਸਰਹੱਦ ਪਾਰ ਕਰ ਕੇ ਚੀਨੀ ਬੁਲਡੋਜ਼ਰਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ ਸੀ।

# ਐਫ ਡੀ ਏ ਵੱਲੋਂ ਟਰੰਪ ਨੂੰ ਦਿੱਤੀ ਦਵਾਈ ਦੀ ਮੁਸ਼ਕਲ ਹਾਲਤ ’ਚ ਵਰਤੋਂ ਲਈ ਮਨਜ਼ੂਰੀ



ਵਾਸ਼ਿੰਗਟਨ, 23 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਸਿਹਤ ਅਧਿਕਾਰੀਆਂ ਨੇ ਕੋਵਿਡ-19 ਨਾਲ ਲੜਨ ਲਈ ਇਮਿਊਨ ਸਿਸਟਮ ਵਧਾਉਣ ਵਾਲੀ ਇੱਕ ਅਜਿਹੀ ਐਂਟੀਬਾਡੀ ਦਵਾਈ ਦੇ ਸੰਕਟ ਮੌਕੇ ਵਰਤਣ ਦੀ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨੂੰ ਪਿਛਲੇ ਮਹੀਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕੋਰੋਨਾ ਵਾਇਰਸ ਦੇ ਪੀੜਤ ਹੋਣ ਵੇਲੇ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਇੱਕ ਹੋਰ ਦਵਾਈ ਦੇ ਸੰਕਟ ਵਿੱਚ ਦੇਣ ਦੀ ਮਨਜ਼ੂਰੀ ਦਿੱਤੀ ਗਈ ਸੀ।

ਖੁਰਾਕ ਅਤੇ ਔਸ਼ਧੀ ਪ੍ਰਸ਼ਾਸਨ (ਐਫ਼ ਡੀ ਏ) ਨੇ ਰੇਜੇਨਰਾਨ ਫਾਰਮਾਸਿਊਟੀਕਲ ਇੰਕ ਦੀ ਦਵਾਈ ਵਰਤਣ ਦੀ ਮਨਜ਼ੂਰੀ ਇਸ ਕੋਸ਼ਿਸ਼ ਵਜੋਂ ਦੇ ਦਿੱਤੀ ਹੈ ਕਿ ਹਲਕੇ ਤੋਂ ਮੱਧਮ ਲੱਛਣਾਂ ਵਾਲੇ ਮਰੀਜ਼ਾਂ ਨੂੰ ਹਸਪਤਾਲ ’ਚ ਭਰਤੀ ਹੋਣ ਦੀ ਸਥਿਤੀ ਜਾਂ ਫਿਰ ਉਨ੍ਹਾਂ ਦੀ ਹਾਲਤ ਵਿਗੜਨ ਤੋਂ ਬਚਾਇਆ ਜਾ ਸਕੇ। ਐਫ਼ ਡੀ ਏ ਨੇ ਇਸ ਦਵਾਈ ਦਾ ਇਸਤੇਮਾਲ 12 ਸਾਲ ਦੇ ਬੱਚੇ ਜਾਂ ਉਸ ਤੋਂ ਵੱਧ ਉਮਰ ਦੇ ਉਨ੍ਹਾਂ ਲੋਕਾਂ ’ਤੇ ਕਰਨ ਦੀ ਮਨਜ਼ੂਰੀ ਦਿੱਤੀ ਹੈ, ਜਿਨ੍ਹਾਂ ਦਾ ਵਜ਼ਨ ਘੱਟ ਤੋਂ ਘੱਟ 40 ਕਿੱਲੋ ਗਰਾਮ ਹੈ ਅਤੇ ਉਹ ਜੋ ਉਮਰ ਜਾਂ ਹੋਰ ਮੈਡੀਕਲ ਸਥਿਤੀਆਂ ਦੀ ਵਜ੍ਹਾ ਨਾਲ ਗੰਭੀਰ ਖਤਰੇ ਦਾ ਸਾਹ-ਮਣਾ ਕਰ ਰਹੇ ਹਨ। ਸੰਕਟ ਕਾਲੀਨ ਸਥਿਤੀ ’ਚ ਇਸ ਦਵਾਈ ਦੇ ਇਸਤੇਮਾਲ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ, ਪਰ ਹਾਲੇ ਇਸ ਦੀ ਸੁਰੱਖਿਆ ਅਤੇ ਇਸ ਦੀ ਪ੍ਰਭਾਵ ਦਾ ਪਤਾ ਲਗਾਏ ਜਾਣ ਲਈ ਅਧਿਐਨ ਚੱਲ ਰਿਹਾ ਹੈ। ਮੁਢਲੇ ਨਤੀਜਿਆਂ ਤੋਂ ਪਤਾ ਲੱਗਾ ਹੈ ਕਿ ਇਹ ਦਵਾਈ ਕੋਰੋਨਾ ਦੀ ਵਜ੍ਹਾ ਨਾਲ ਹਸਪਤਾਲ ’ਚ ਭਰਤੀ ਹੋਣ ਜਾਂ ਗੰਭੀਰ ਖਤਰੇ ਵਾਲੇ ਮਰੀਜ਼ਾਂ ਦੇ ਆਈ ਸੀ ਯੂ ’ਚ ਭਰਤੀ ਹੋਣ ਤੋਂ ਰੋਕ ਲਗਾ ਸਕਦੀ ਹੈ।

# ਪਾਕਿਸਤਾਨ ਵਿਚਲੀ ਹੱਕਾਨੀਆ ਯੂਨੀਵਰਸਿਟੀ ਵਿੱਚੋਂ ਨਿਕਲਦੇ ਨੇ ਖਤਰਨਾਕ ਅੱਤਵਾਦੀ



ਇਸਲਾਮਾਬਾਦ, 23 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀਆਂ ਕਈ ਸਿੱਖਿਆ ਸੰਸਥਾਵਾਂ ਅੱਤਵਾਦੀਆਂ ਨੂੰ ਪੈਦਾ ਕਰਨ ਵਾਲੀ ਫੈਕਟਰੀ ਬਣ ਗਈਆਂ ਹਨ। ਇੱਥੇ ਵਿਚਾਰਕ ਰੂਪ ਤੋਂ ਜੇਹਾਦੀ ਬਣਾਉਣ ਦੇ ਨਾਲ ਅੱਤਵਾਦ ਫੈਲਾਉਣ ਦੀ ਬਾਕਾਇਦਾ ਟਰੇਨਿੰਗ ਦਿੱਤੀ ਜਾਂਦੀ ਹੈ। ਇੱਥੋਂ ਨਿਕਲਣ ਵਾਲੇ ਅੱਤਵਾਦੀ ਅਫਗਾਨਿਸਤਾਨ ਦੇ ਨਾਲ-ਨਾਲ ਆਪਣੇ ਹੀ ਦੇਸ਼ ਵਿੱਚ ਅੱਤਵਾਦੀ ਕਾਰਵਾਈਆਂ ਵਿੱਚ ਲੱਗੇ ਹੋਏ ਹਨ।

ਅਜਿਹੇ ਅੱਤਵਾਦੀ ਪੈਦਾ ਕਰਨ ਵਾਲੀ ਇੱਕ ਵਿਦਿਅਕ ਸੰਸਥਾ ਪਿਸ਼ਾਵਰ ਤੋਂ ਸੱਠ ਕਿਲੋਮੀਟਰ ਦੂਰ ਹੈ ਜਿਸ ਨੂੰ ‘ਯੂਨੀਵਰਸਿਟੀ ਆਫ ਜੇਹਾਦ’ ਦੇ ਰੂਪ ਵਿੱਚ ਜਾਣਿਆਂ ਜਾਂਦਾ ਹੈ। ਅਕੋਰਾ ਖਟਕ ਵਿੱਚ ਦਾਰੂਲ ਉਲੂਮ ਹੱਕਾਨੀਆ ਨਾਂਅ ਦੀ ਇਸ ਸਿੱਖਿਆ ਸੰਸਥਾ ਨੂੰ ਮੁੱਖ ਧਾਰਾ ਦੀਆਂ ਰਾਜਨੀਤਕ ਪਾਰਟੀਆਂ ਦਾ ਪੂਰਾ ਸਮਰਥਨ ਮਿਲਦਾ ਹੈ। ਕਈ ਥਾਵਾਂ ’ਤੇ ਹੋਈਆਂ ਅੱਤਵਾਦੀ ਕਾਰਵਾਈਆਂ ਨਾਲ ਇਸ ਸਿੱਖਿਆ ਸੰਸਥਾ ਦਾ ਸਬੰਧ ਨਿਕਲਿਆ ਹੈ।ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਨੂੰ ਆਤਮ ਘਾਤੀ ਹਮਲੇ ਵਿੱਚ ਮਾਰਨ ਵਾਲਿਆਂ ਦਾ ਵੀ ਇਸ ਸੰਸਥਾ ਨਾਲ ਸਬੰਧ ਨਿਕ-ਲਿਆ ਸੀ। ਅਫਗਾਨਿਸਤਾਨ ਵਿੱਚ ਚੱਲਦੀ ਹਿੰਸਾ ਵਿੱਚ ਵੀ ਹੱਕਾਨੀ ਗਰੁੱਪ ਦੇ ਹੱਥ ਹੋਣ ਦੇ ਸਬੂਤ ਮਿਲਦੇ ਹਨ। ਇਸ ਬਾਰੇ ਵੀਡੀਓ ਮਿਲੇ ਹਨ। ਪਾਕਿ-ਸਤਾਨ ’ਚ ਚੱਲ ਰਹੇ ਮਦਰੱਸੇ ਵੀ ਇਹੀ ਕੰਮ ਕਰਦੇ ਹਨ। ਇਨ੍ਹਾਂ ਮਦਰ-ਸਿਆਂ ਵਿੱਚ ਵਿਚਾਰਕ ਰੂਪ ਤੋਂ ਤਿਆਰ ਕਰਨ ਪਿੱਛੋਂ ਹਥਿਆਰਾਂ ਦੀ ਟਰੇਨਿੰਗ ਲਈ ਅੱਤਵਾਦੀ ਸੰਗਠਨਾਂ ਨੂੰ ਸੌਂਪ ਦਿੱਤਾ ਜਾਂਦਾ ਹੈ। ਯੂ ਐਨ ਸਕਿਓਰਟੀ ਕੌਂਸਲ ਦੀ ਇੱਕ ਰਿਪੋਰਟ ਅਨੁਸਾਰ ਅਫਗਾਨਿਸਤਾਨ ਵਿੱਚ ਸਾਢੇ ਛੇ ਹਜ਼ਾਰ ਤੋਂਵੱਧ ਪਾਕਿਸਤਾਨੀ ਅੱਤਵਾਦੀ ਤਾਲਿਬਾਨ ਨਾਲ ਮਿਲ ਕੇ ਹਿੰਸਾ ਕਰ ਰਹੇ ਹਨ ਜਿਨ੍ਹਾਂ ਦਾ ਸਬੰਧ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨਾਲ ਹੈ।

# ਯੂ ਕੇ ਜੇਲ੍ਹ ਵਿੱਚ ਗੰਭੀਰ ਸੱਟ ਲੱਗਣ ਕਾਰਨ ਕੈਦੀ ਨੂੰ 36 ਲੱਖ ਪੌਂਡ ਮੁਆਵਜ਼ਾ ਮਿਲਿਆ



ਗਲਾਸਗੋ, 23 ਨਵੰਬਰ (ਪੋਸਟ ਬਿਊਰੋ)- ਜ਼ਿੰਦਗੀ ਦੇ ਕਿਸੇ ਵੀ ਮੋੜ ’ਤੇ ਕਦੇ ਮਾਲੀ ਹਾਲਾਤ ਬਦਲ ਸਕਦੇ ਹਨ। ਇਸ ਨੁਕਤੇ ਨੂੰ ਯੂ ਕੇ ਵਿੱਚ ਇੱਕ ਕੈਦੀ ਨਾਲ ਵਾਪਰੀ ਘਟਨਾ ਨੇ ਸੱਚ ਕਰ ਦਿਤਾ ਹੈ ਜੋ ਸੀਖਾਂ ਪਿੱਛੇ ਪਹੁੰਚ ਕੇ ਕਰੋੜਪਤੀ ਬਣ ਗਿਆ ਹੈ। ਇੱਕ ਕੈਦੀ, ਜਿਸ ਦੀ ਅੱਖ ’ਤੇ ਸੱਟ ਵੱਜਣ ਕਰਕੇ ਉਹ ਗੰਭੀਰ ਜ਼ਖ਼ਮੀ ਹੋ ਗਿਆ ਸੀ, ਸਰਕਾਰ ਵੱਲੋਂ ਉਸ ਨੂੰ ਇਸ ਸੱਟ ਦੇ ਲੱਗਣ ਕਾਰਨ 3.6 ਮਿਲੀਅਨ ਪੌਂਡ ਦਾ ਵੱਡਾ ਮੁਆਵਜ਼ਾ ਦਿੱਤਾ ਗਿਆ ਹੈ।

ਇਹ ਰਕਮ ਪਿਛਲੇ 3 ਸਾਲਾਂ ਵਿੱਚ ਕਿਸੇ ਵੀ ਅਦਾਇਗੀ ਤੋਂ ਦਸ ਗੁਣਾ ਵੱਧ ਹੈ। ਇਸ ਨਾਲ ਟੈਕਸ ਭਰਨ ਵਾਲੇ ਲੋਕਾਂ ਦੀ ਕੁੱਲ ਰਾਸ਼ੀ ਹੇਠ ਜੇਲ੍ਹਾਂ ਨੂੰ ਜਾਣ ਵਾਲੇ ਭੁਗਤਾਨ ਵਿੱਚ ਪਿਛਲੇ 12 ਮੀਨਿਆਂ ਦੌਰਾਨ 7.5 ਮਿਲੀਅਨ ਪੌਂਡ ਤੱਕ ਦਾ ਵਾਧਾ ਹੋਇਆ ਹੈ, ਜਿਹੜੀ ਜੇਲ੍ਹ ਅਤੇ ਪ੍ਰੋਬੇਸ਼ਨ ਸਰਵਿਸ ਦੇ ਸਾਲਾਨਾ ਖਾਤੇ ਅਨੁਸਾਰ ਪਿਛਲੇ ਸਾਲ ਤੋਂ 3 ਮਿਲੀਅਨ ਪੌਂਡ ਵੱਧ ਹੈ। ਸਟਾਫ ਅਤੇ ਕੈਦੀਆਂ ’ਤੇ ਹਮਲੇ ਅਤੇ ਅਜਿਹੀਆਂ ਘਟਨਾਵਾਂ ਲਈ ਲੱਗਭਗ 85 ਮਿਲੀਅਨ ਪੌਂਡ ਦਾ ਭੁਗਤਾਨ 3 ਸਾਲਾਂ ਵਿੱਚ ਕੀਤਾ ਗਿਆ ਹੈ। ਨਿਆਂ ਮੰਤਰਾਲੇ ਅਨੁਸਾਰ ਅਜਿਹੇ ਕੇਸਾਂ ਵਿੱਚ ਟੈਕਸ ਅਦਾ ਕਰਨ ਵਾਲਿਆਂ ਦੇ ਪੈਸੇ ਦੀ ਬਚਤ ਹੋਣ ਦੀ ਸੰਭਾਵਨਾ ਦਾ ਧਿਆਨ ਰੱਖਦੇ ਹੋਏ ਫੈਸਲਾ ਕੀਤਾ ਜਾਂਦਾ ਹੈ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


jobs! jobs! jobs! jobs! jobs!

## HELP WANTED
ਕਾਮਿਆਂ ਦੀ ਲੋੜ

DUNDAS·JAFINE

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



CALL TODAY FOR ANY CLASSIFIED OR MATRIMONIAL AD !!!
905-793-2202



## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005

Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3,
ON L6T 5M4 | Fax : 905-488-2101
Office: 905-488-2100 Ext. 348



A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

7 Days Work · All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton



Call for Free Estimates

A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com

$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6



ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1



HOMELIFE SILVERCITY Realty Inc. Brokerage

Kulwinder Chhina
SALES REPRESENTATIVE
647.293.2327
www.Kulwinderchhina.com





## CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com



PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL:416-822-2590
Ants, Wasp, Centepede, Fleas, Bed Bugs



You can Place Your Business Here
(905)793-2202
To Reach Wider Audience


## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844**
**Email : matchjatt2018@gmail.com**

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772


ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654


# UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



STARLANE PAINTING
Residential ▪ Commercial ▪ Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘੁਮੈਆ

